ideal BOILERS

# ਉਪਭੋਗਤਾ ਗਾਈਡ

## LOGIC COMBI
## C24 C30 C35

ਇਸ ਉਪਕਰਨ ਦੇ ਕਿਸੇ ਹਿੱਸੇ ਨੂੰ ਬਦਲਦੇ ਹੋਏ, ਸਿਰਫ ਉਨ੍ਹਾਂ ਸਪੇਅਰ ਪਾਰਟਸ ਦੀ ਵਰਤੋਂ ਕਰੋ ਜਿਨ੍ਹਾਂ ਲਈ ਤੁਹਾਨੂੰ ਇਹ ਭਰੋਸਾ ਹੈ ਕਿ ਉਹ ਸਾਡੀ ਲੋੜੀਂਦੀ ਸੁਰੱਖਿਆ ਅਤੇ ਪਰਦਰਸ਼ਨ ਦੇ ਬਿਓਰੇ ਦੇ ਮੁਤਾਬਕ ਹਨ।
ਮੁਰੰਮਤ ਕੀਤੇ ਗਏ ਪੁਰਾਣੇ ਪੁਰਜ਼ਿਆਂ ਜਾਂ ਅਜਿਹੇ ਨਕਲੀ ਪੁਰਜ਼ਿਆਂ ਦੀ ਵਰਤੋਂ ਨਾ ਕਰੋ ਜੋ ਸਾਫ਼ ਤੌਰ 'ਤੇ Ideal ਵੱਲੋਂ ਅਧਿਕਾਰਤ ਨਹੀਂ ਹਨ।

**ਬਿਓਰੇ ਅਤੇ ਰੱਖ-ਰਖਾਵ ਦੀਆਂ ਕਾਰਜ-ਪਰਣਾਲੀਆਂ ਲਈ ਲਿਖਤੀ ਸਮੱਗਰੀ ਦੀ ਨਵੀਨਤਮ ਕਾਪੀ ਲਈ ਸਾਡੀ ਵੈਬਸਾਈਟ www.idealboilers.com ਵੇਖੋ ਜਿੱਥੋਂ ਤੁਸੀਂ PDF ਫ਼ੌਰਮੈਟ 'ਚ ਢੁਕਵੀਂ ਜਾਣਕਾਰੀ ਡਾਉਨਲੋਡ ਕਰ ਸਕਦੇ ਹੋ।**

ਸਾਡੀਆਂ ਉਪਭੋਗਤਾ ਗਾਈਡਾਂ 'ਚ ਵਿਕਲਪਕ ਭਾਸ਼ਾਵਾਂ ਲਈ ਕਿਰਪਾ ਕਰਕੇ ਸਾਡੀ ਵੈਬਸਾਈਟ **www.idealboilers.com** ਵੇਖੋ।

**08/2018**
**UIN 213972 A07 PA**

# CONTENTS

1. **Introduction .......... 2**
   Safety .......... 2
   Electricity Supply .......... 2
   Important Notes .......... 2
2. **Boiler Operation .......... 3**
   Controls Diagram .......... 3
   To Start the Boiler .......... 3
   Operation Modes .......... 3
   Preheat Domestic Hot Water .......... 3
   Control of Water Temperature .......... 3
   Efficient Heating System Operation .......... 4
   Weather Compensation .......... 4
   Boiler Frost Protection .......... 4
   Boiler Restart .......... 4
   Mains Power Off .......... 4
3. **System Water Pressure .......... 4**
4. **Condensate Drain .......... 5**
5. **General Information .......... 5**
   Boiler Pump .......... 5
   Minimum Clearances .......... 5
   Expansion .......... 5
   Escape of Gas .......... 5
   Cleaning .......... 5
   Maintenance .......... 5
6. **Points for the Boiler User .......... 6**
   Troubleshooting .......... 6
7. **Normal Operation Display Codes .......... 7**
8. **Fault Codes .......... 8**

## 1. INTRODUCTION

The Logic Combi C range is a combination boiler providing both central heating and instantaneous domestic hot water. Featuring full sequence automatic ignition and fan assisted combustion.

Due to the high efficiency of the boiler, condensate is produced from the flue gases and this is drained to a suitable disposal point through a plastic waste pipe at the base of the boiler. A condensate ‘plume’ will also be visible at the flue terminal.

### SAFETY

**Current Gas Safety (Installation & Use) Regulations or rules in force.**

In your own interest, and that of safety, it is the law that this boiler must be installed by a Gas Safe Registered Engineer, in accordance with the above regulations.

In IE, the installation must be carried out by a Registered Gas Installer (RGII) and installed in accordance with the current edition of I.S. 813 “Domestic Gas Installations”, the current Building Regulations and reference should be made to the current ETCI rules for electrical installation.

*It is essential that the instructions in this booklet are strictly followed, for safe and economical operation of the boiler.*

### ELECTRICITY SUPPLY

**This appliance must be earthed.**
**Supply: 230 V ~ 50 Hz. The fusing should be 3A.**

### IMPORTANT NOTES

- This appliance must not be operated without the casing correctly fitted and forming an adequate seal.
- If the boiler is installed in a compartment then the compartment MUST NOT be used for storage purposes.
- If it is known or suspected that a fault exists on the boiler then it MUST NOT BE USED until the fault has been corrected by a Gas Safe Registered Engineer or in IE a Registered Gas Installer (RGII).
- Under NO circumstances should any of the sealed components on this appliance be used incorrectly or tampered with.
- This appliance can be used by children 8 years and above. Also persons with reduced physical, sensory or mental capabilities, or lack of experience and knowledge, provided they have been given supervision or instruction concerning use of the appliance in a safe way and understand the hazards involved. Children shall not play with the appliance. Cleaning and user maintenance shall not be made by children without supervision.

All Gas Safe Register installers carry a Gas Safe Register ID card, and have a registration number. Both should be recorded in the Benchmark Commissioning Checklist. You can check your installer by calling Gas Safe Register direct on 0800 4085500.

**Ideal Boilers** is a member of the Benchmark scheme and fully supports the aims of the programme. Benchmark has been introduced to improve the standards of installation and commissioning of central heating systems in the UK and to encourage the regular servicing of all central heating systems to ensure safety and efficiency.


**THE BENCHMARK SERVICE INTERVAL RECORD MUST BE COMPLETED AFTER EACH SERVICE**

benchmark COLLECTIVE MARK
THE MARK OF QUALITY FOR THE INSTALLATION, COMMISSIONING AND SERVICING OF DOMESTIC HEATING AND HOT WATER SYSTEMS

# 2. BOILER OPERATION

**Legend**

A. Domestic Hot Water Temperature Knob
B. Central Heating Temperature Knob
C. Mode Knob
D. Boiler Status Display
E. Burner 'on' Indicator
F. Preheat On Off button
G. Restart button
H. Central Heating Economy Setting
J. Pressure Gauge




## TO START THE BOILER

If a programmer is fitted refer to separate instructions for the programmer before continuing.

Start the boiler as follows:

1. Check that the electricity supply to boiler is off.
2. Set the mode knob (C) to 'BOILER OFF'.
3. Set the Domestic Hot Water temperature knob (A) and Central Heating temperature knob (B) to 'MAX'.
4. Ensure that all hot water taps are turned off.
5. Switch on electricity to the boiler and check that all external controls, e.g. programmer and room thermostat, are on.
6. Set the mode knob (C) to ' ' (winter).

The boiler will commence ignition sequence, supplying heat to the central heating, if required.

**Note.** *In normal operation the boiler status display (D) will show codes:*

| | |
|---|---|
| 00 | *Standby - no demand for heat.* |
| | *Central Heating being supplied* |
| | *Domestic hot water being supplied* |
| PH | *Domestic hot water preheat* |
| FP | *Boiler frost protection - boiler will fire if temperature is below 5ºC.* |

During normal operation the burner on indicator ' ' will remain illuminated when the burner is lit.

Note: If the boiler fails to light after five attempts the fault code L2 will be displayed (refer to Fault Code page).

## OPERATION MODES

**Winter Conditions -** (Central Heating and Domestic Hot Water required)

Set the mode knob (C) ' ' (winter).

The boiler will fire and supply heat to the radiators but will give priority to domestic hot water on demand.

The domestic hot water preheat will operate with the 'PREHEAT' button pressed so that the display shows "HOT WATER PREHEAT ON".

**Summer Conditions -** (Domestic Hot Water only required)

Set the mode knob (C) to ' ' (summer).

Set the central heating demand on the external controls to OFF.

The domestic hot water preheat will operate with the 'PREHEAT' button pressed so that the display shows "HOT WATER PREHEAT ON".

**Boiler Off**

Set the mode knob (C) to 'BOILER OFF'. The boiler mains power supply must be left on to enable frost protection (see Frost Protection).

## PREHEAT - DOMESTIC HOT WATER

The domestic hot water heat exchanger within the boiler can be kept preheated to provide faster delivery of hot water at the tap. This is achieved by pressing the 'PREHEAT' button (F) so that 'HOT WATER PREHEAT ON' is shown on the display.

The boiler will operate periodically for a few seconds to maintain the domestic hot water heat exchanger in a preheated condition. The avera ge time period between operation is 90 minutes. This may vary considerably due to the surrounding ambient temperature of the boiler. The boiler will operate whenever there is a demand for domestic hot water.

If standard hot water delivery is satisfactory press the 'PREHEAT' button (F) so that 'HOT WATER PREHEAT OFF' is shown on the display.

## CONTROL OF WATER TEMPERATURE

**Domestic Hot Water**

The domestic hot water temperature is limited by the boiler controls to a maximum temperature of 65°C, adjustable via the domestic hot water temperature knob (A).

Approximate temperatures for domestic hot water:

| Knob Setting | Hot Water Temperature (approx.) |
|---|---|
| Minimum | 40ºC |
| Maximum | 65ºC |

Due to system variations and seasonal temperature fluctuations domestic hot water flow rates/temperature rise will vary, requiring adjustment at the tap : the lower the flow rate the higher the temperature, and vice versa.

**Central Heating**

The boiler controls the central heating radiator temperature to a maximum of 80°C, adjustable via the central heating temperature knob (B).

Approximate temperatures for central heating:

| Knob Setting | Central Heating Radiator Temperature (approx.) |
|---|---|
| Minimum | 30ºC |
| Maximum | 80ºC |

For economy setting 'e' refer to Efficient Heating System Operation.

*continued.........*

## EFFICIENT HEATING SYSTEM OPERATION

The boiler is a high efficiency, condensing appliance which will automatically adjust its output to match the demand for heat. Therefore gas consumption is reduced as the heat demand is reduced.

The boiler condenses water from the flue gases when operating most efficiently. To operate your boiler efficiently (using less gas) turn the central heating temperature knob (B) to the ‘ e ‘ position or lower. In winter periods it may be necessary to turn the knob towards the ‘MAX’ position to meet heating requirements. This will depend on the house and radiators used.

Reducing the room thermostat setting by 1ºC can reduce gas consumption by up to 10%.

## WEATHER COMPENSATION

When the Weather Compensation option is fitted to the system then the central heating temperature knob (B) becomes a method of controlling room temperature. Turn the knob clockwise to increase room temperature and anti-clockwise to decrease room temperature. Once the desired setting has been achieved, leave the knob in this position and the system will automatically achieve the desired room temperature for all outside weather conditions.

## BOILER FROST PROTECTION

The boiler is fitted with frost protection that operates in all modes, provided the power supply to the boiler is always turned on. If the water in the boiler falls below 5ºC, the frost protection will activate and run the boiler to avoid freezing. The process does not guarantee that all other parts of the system will be protected.

If a system frost thermostat has been installed, the boiler must be set in winter mode, ‘ ’, for the system frost protection to run.

If no system frost protection is provided and frost is likely during a short absence from home it is recommended to leave the system heating controls or built in programmer (if fitted) switched on and run at a reduced temperature setting. For longer periods, the entire system should be drained.


## BOILER RESTART

To restart the boiler, when directed in the listed fault codes (see section 8) press the restart button (G). The boiler will repeat its ignition sequence. If the boiler still fails to start consult a Gas Safe Registered Engineer or an IE Registered Gas Installer (RGII).

## MAINS POWER OFF

To remove all power to the boiler the mains power switch must be turned off.

## 3. SYSTEM WATER PRESSURE





The system pressure gauge indicates the central heating system pressure. If the pressure is seen to fall below the original installation pressure of 1-2 bar over a period of time and continue to fall then a water leak may be indicated. In this event re-pressurise the system as shown below. If unable to do so or if the pressure continues to drop a Gas Safe Registered Engineer or in IE a Registered Gas Installer (RGII) should be consulted.

***THE BOILER WILL NOT OPERATE IF THE PRESSURE HAS REDUCED TO LESS THAN 0.3 BAR UNDER THIS CONDITION.***

**To Top up the system :-**

1. Ensure both **A** & **B** handles (blue) are in closed position (as shown below)
2. Remove the plug and cap and retain.
3. Connect the filling loop to the Domestic Hot Water (DHW) inlet and tighten. Also ensure that the other end of filling loop is hand tight.




4. Turn the Domestic Hot Water (DHW) Inlet **A** blue handle to the horizontal position.
5. Ensuring no leaks are seen, gradually turn the filling loop handle (blue) **B** to the horizontal position.
6. Wait for the pressure gauge to reach 1 to 1.5 bar.
7. Once pressure is reached turn valves **A** & **B** back to the closed position.
8. Disconnect the filling loop, replace cap and plug. Note there can be some water spillage at this point.

## 4. CONDENSATE DRAIN

This appliance is fitted with a siphonic condensate trap system that reduces the risk of the appliance condensate from freezing. However should the condensate pipe to this appliance freeze, please follow these instructions:

a. If you do not feel competent to carry out the defrosting instructions below please call your local Gas Safe Registered installer for assistance.

b. If you do feel competent to carry out the following instructions please do so with care when handling hot utensils. Do not attempt to thaw pipework above ground level.

If this appliance develops a blockage in its condensate pipe, its condensate will build up to a point where it will make a gurgling noise prior to locking out an "L2" fault code. If the appliance is restarted it will make a gurgling noise prior to it locking out on a failed ignition "L2" code.

To unblock a frozen condensate pipe;

1. Follow the routing of the plastic pipe from its exit point on the appliance, through its route to its termination point.

   Locate the frozen blockage. It is likely that the pipe is frozen at the most exposed point external to the building or where there is some obstruction to flow. This could be at the open end of the pipe, at a bend or elbow, or where there is a dip in the pipe in which condensate can collect. The location of the blockage should be identified as closely as possible before taking further action.
2. Apply a hot water bottle, microwaveable heat pack or a warm damp cloth to the frozen blockage area. Several applications may have to be made before it fully defrosts. Warm water can also be poured onto the pipe from a watering can or similar. DO NOT use boiling water.
3. Caution when using warm water as this may freeze and cause other localised hazards.
4. Once the blockage is removed and the condensate can flow freely, restart the appliance. (Refer to "To Start the boiler")
5. If the appliance fails to ignite, call your Gas Safe Registered engineer.

**Preventative solutions**

During cold weather, set the central heating temperature knob (B) to maximum (must return to original setting once cold spell is over).

Place the heating on continuous and turn the room thermostat down to 15ºC overnight or when unoccupied. (Return to normal after cold spell).

## 5. GENERAL INFORMATION

### BOILER PUMP

The boiler pump will operate briefly as a self-check once every 24 hours, regardless of system demand.

### MINIMUM CLEARANCES

Clearance of 165mm above, 100mm below, 2.5mm at the sides and 450mm at the front of the boiler casing must be allowed for servicing.

**Bottom Clearance**

Bottom clearance after installation can be reduced to 5mm.

This must be obtained with an easily removable panel, to enable the system pressure gauge to be visible and to provide the 100mm clearance required for servicing.

### EXPANSION

NOTE. If a water meter is fitted into the incoming water mains there may be a requirement for a domestic hot water expansion vessel Kit. Contact a Gas Safe Registered Engineer or in IE a Registered Gas Installer (RGII).

### ESCAPE OF GAS

Should a gas leak or fault be suspected contact the National Gas Emergency Service without delay. **Telephone 0800 111 999**.

**Ensure that;**
**- All naked flames are extinguished**
**- Do not operate electrical switches**
**- Open all windows and doors**

### CLEANING

For normal cleaning simply dust with a dry cloth. To remove stubborn marks and stains, wipe with a damp cloth and finish off with a dry cloth. ***DO NOT use abrasive cleaning materials.***


### MAINTENANCE

The appliance should be serviced at least once a year by a Gas Safe Registered Engineer or in IE a Registered Gas Installer (RGII).





# 6. POINTS FOR THE BOILER USER

**Note.** *In line with our current warranty policy we would ask that you check through the following guide to identify any problems external to the boiler prior to requesting a service engineer's visit. Should the problem be found to be other than with the appliance we reserve the right to levy a charge for the visit, or for any pre-arranged visit where access is not gained by the engineer.*

**TROUBLESHOOTING**



## 7. NORMAL OPERATION DISPLAY CODES

| DISPLAY CODE ON BOILER | DESCRIPTION |
| --- | --- |
|   | The boiler is in standby operation awaiting either a central heating call or hot water demand. |
|   | The boiler has a call for central heating but the appliance has reached the desired temperature set on the boiler. |
|   | The boiler has a call for hot water but the appliance has reached the desired temperature set on the boiler. |
|   | The boiler is operating in central heating mode. |
|   | The boiler is operating in domestic hot water mode. |
|   | The boiler is operating in domestic hot water preheat mode. |
|   | The boiler is operating in frost protection. |
|   | The boiler mode knob (C) is in the off position, rotate fully clockwise for hot water and central heating operation. |

**FOR ANY QUERIES PLEASE RING THE IDEAL CONSUMER HELPLINE : 01482 498660**

**NOTE. BOILER RESTART PROCEDURE -**
**To restart the boiler press the RESTART button. The boiler will repeat the ignition sequence if a heat demand is present.**

# 8. FAULT CODES

| DISPLAY CODE ON BOILER | DESCRIPTION | ACTION |
|---|---|---|
| F1 | Low Water Pressure | Check system water pressure is between 1 & 1.5bar on the system pressure gauge. To re-pressurise the system see Section 3. If the boiler still fails to operate then please contact Ideal (if under warranty) or alternatively a Gas Safe Registered Engineer if outside of the warranty period. In IE contact a Registered Gas Installer (RGII). |
| F2 | Flame Loss | 1. Check other gas appliances in the house are working to confirm a supply is present in the property.<br>2. If other appliances do not work or there are no other appliances, check the gas supply is on at the meter and/or pre payment meter has credit. If the boiler fails to operate then please contact Ideal (if under warranty) or alternatively a Gas Safe Registered Engineer if outside of the warranty period. In IE contact a Registered Gas Installer (RGII). |
| F3 | Fan Fault | Restart the appliance - if the boiler fails to operate then please contact Ideal (if under warranty) or alternatively a Gas Safe Registered Engineer if outside of the warranty period. In IE contact a Registered Gas Installer (RGII). |
| F4 L4 | Flow Thermistor | Restart the appliance - if the boiler fails to operate then please contact Ideal (if under warranty) or alternatively a Gas Safe Registered Engineer if outside of the warranty period. In IE contact a Registered Gas Installer (RGII). |
| F5 L5 | Return Thermistor | Restart the appliance - if the boiler fails to operate then please contact Ideal (if under warranty) or alternatively a Gas Safe Registered Engineer if outside of the warranty period. In IE contact a Registered Gas Installer (RGII). |
| F6 | Outside Sensor Failure | Restart the appliance - if the boiler fails to operate then please contact Ideal (if under warranty) or alternatively a Gas Safe Registered Engineer if outside of the warranty period. In IE contact a Registered Gas Installer (RGII). |
| F7 | Low Mains Voltage | Contact a qualified electrician or your electricity provider. |
| F9 L9 | Unconfigured PCB | Unconfigured/faulty PCB or gas valve short circuit. Please contact Ideal (if under warranty) or alternatively a Gas Safe Registered Engineer if outside of the warranty period. In IE contact a Registered Gas Installer (RGII). |
| L1 | Flow Temperature Overheat or No Water Flow | Check system water pressure is between 1 & 1.5bar on the system pressure gauge. To re-pressurise the system see Section 3. If the boiler fails to operate then please contact Ideal (if under warranty) or alternatively a Gas Safe Registered Engineer if outside of the warranty period. In IE contact a Registered Gas Installer (RGII). |
| L2 | Ignition Lockout | 1. Check condensate Pipe for blockages (refer to Section 4)<br>2. Check other gas appliances in the house are working to confirm a supply is present in the property.<br>3. If other appliances do not work or there are no other appliances, check the gas supply is on at the meter and/or pre payment meter has credit. If the boiler fails to operate then please contact Ideal (if under warranty) or alternatively a Gas Safe Registered Engineer if outside of the warranty period. In IE contact a Registered Gas Installer (RGII). |
| L6 | False Flame Lockout | Restart the appliance - if the boiler fails to operate then please contact Ideal (if under warranty) or alternatively a Gas Safe Registered Engineer if outside of the warranty period. In IE contact a Registered Gas Installer (RGII). |
| LC | 5 Boiler Resets in 15 minutes | 1. Turn electrical supply to boiler off and on.<br>2. If the boiler fails to operate please contact Ideal (if under warranty) or alternatively a Gas Safe Registered Engineer if outside of the warranty period. In IE contact a Registered Gas Installer (RGII). |
| FA | Negative Differential Flow/Return Thermistor | If the boiler fails to operate then please contact Ideal (if under warranty) or alternatively a Gas Safe Registered Engineer if outside of the warranty period. In IE contact a Registered Gas Installer (RGII). |
| FU | Flow/Return Differential > 50°C | If the boiler fails to operate then please contact Ideal (if under warranty) or alternatively a Gas Safe Registered Engineer if outside of the warranty period. In IE contact a Registered Gas Installer (RGII). |
| dU | Diverter Valve in mid-position for service | Rotate all knobs fully clockwise, turn boiler power off and on then press restart. |

## ਵਿਸ਼ਾ-ਵਸਤੂ


**1. ਭੂਮਿਕਾ ........ 2**
ਸੁਰੱਖਿਆ ........ 2
ਬਿਜਲੀ ਦੀ ਸਪਲਾਈ ........ 2
ਮਹੱਤਵਪੂਰਨ ਨੋਟਸ ........ 2
**2. ਬੌਇਲਰ ਓਪਰੇਸ਼ਨ ........ 3**
ਕੰਟ੍ਰੋਲਸ ਡਾਇਆਗ੍ਰਾਮ ........ 3
ਬੌਇਲਰ ਸ਼ੁਰੂ ਕਰਨ ਲਈ ........ 3
ਓਪਰੇਸ਼ਨ ਮੋਡ ........ 3
ਪ੍ਰੀਹੀਟ ਘਰੇਲੂ ਗਰਮ ਪਾਣੀ ........ 3
ਪਾਣੀ ਦੇ ਤਾਪਮਾਨ ਦਾ ਨਿਯੰਤ੍ਰਣ ........ 3
ਕੁਸ਼ਲ ਹੀਟਿੰਗ ਸਿਸਟਮ ਕਾਰਵਾਈ ........ 4
ਮੌਸਮ ਪੂਰਤੀ ........ 4
ਬੌਇਲਰ ਫ੍ਰੌਸਟ ਸੁਰੱਖਿਆ ........ 4
ਬੌਇਲਰ ਮੁੜ ਸ਼ੁਰੂ ਕਰਨਾ ........ 4
ਮੇਨਸ ਪਾਵਰ ਬੰਦ ........ 4
**3. ਸਿਸਟਮ 'ਚ ਪਾਣੀ ਦਾ ਦਬਾਉ ........ 4**
**4. ਕਨਡੇਨਸੇਟ ਨਿਕਾਸ ........ 5**
**5. ਆਮ ਜਾਣਕਾਰੀ ........ 5**
ਬੌਇਲਰ ਪੰਪ ........ 5
ਨਿਊਨਤਮ ਫਾਸਲਾ ........ 5
ਵਿਸਤਾਰ ........ 5
ਗੈਸ ਦਾ ਰਿਸਾਵ ........ 5
ਸਫ਼ਾਈ ........ 5
ਰੱਖ-ਰਖਾਵ ........ 5
**6. ਬੌਇਲਰ ਉਪਭੋਗਤਾ ਲਈ ਗੱਲਾਂ ........ 6**
**ਸਮੱਸਿਆ ਨਿਵਾਰਣ ........ 6**
**7. ਆਮ ਓਪਰੇਸ਼ਨ ਡਿਸਪਲੇ ਕੋਡ ........ 7**
**8. ਨੁਕਸ ਕੋਡ ........ 8**


## 1. ਭੂਮਿਕਾ

Logic Combi C ਰੇਂਜ ਇਕ ਸੰਯੋਜਨ ਬੌਇਲਰ ਹੈ ਜੋ ਸੈਂਟ੍ਰਲ ਹੀਟਿੰਗ ਅਤੇ ਫ਼ੌਰੀ ਘਰੇਲੂ ਗਰਮ ਪਾਣੀ ਦੋਵੇਂ ਮੁਹੱਈਆ ਕਰਦਾ ਹੈ। ਸੰਪੂਰਨ ਕ੍ਰਮ ਸਵੈਚਾਲਿਤ ਇਗਨੀਸ਼ਨ ਅਤੇ ਪੱਖੇ ਦੀ ਮਦਦ ਨਾਲ ਬਲਣ ਦੀ ਖ਼ਾਸੀਅਤ ਸਮੇਤ।

ਬੌਇਲਰ ਦੀ ਵਾਧੂ ਕੁਸ਼ਲਤਾ ਕਰਕੇ, ਫ਼ਲੂ ਗੈਸਾਂ ਤੋਂ ਕਨਡੇਨਸੇਟ ਬਣਦਾ ਹੈ ਅਤੇ ਬੌਇਲਰ ਦੇ ਤਲ 'ਤੇ ਪਲਾਸਟਿਕ ਦੀ ਨਿਕਾਸੀ ਪਾਈਪ ਰਾਹੀਂ ਇਹ ਇਕ ਢੁਕਵੀਂ ਨਿਪਟਾਰਾ ਥਾਂ 'ਚ ਪਹੁੰਚਾਇਆ ਜਾਂਦਾ ਹੈ। ਫ਼ਲੂ ਟਰਮੀਨਲ 'ਤੇ ਇਕ ਕਨਡੇਨਸੇਟ 'ਖੰਭ' ਵੀ ਵਿਖਾਈ ਦੇਵੇਗਾ।

### ਸੁਰੱਖਿਆ

**ਮੌਜੂਦਾ ਗੈਸ ਸੁਰੱਖਿਆ (ਸਥਾਪਨਾ ਅਤੇ ਵਰਤੋਂ) ਕਾਇਦੇ ਜਾਂ ਲਾਗੂ ਨਿਯਮ।**

ਤੁਹਾਡੀ ਆਪਣੀ, ਅਤੇ ਗੈਸ ਸੁਰੱਖਿਆ ਦੀ, ਬਿਹਤਰੀ ਲਈ, ਇਹ ਕਨੂੰਨ ਹੈ ਕਿ, ਉਪਰ ਦਿੱਤੇ ਗਏ ਕਾਇਦਿਆਂ ਦੇ ਮੁਤਾਬਕ, ਬੌਇਲਰ ਕਿਸੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ (Gas Safe Registered Engineer) ਦੁਆਰਾ ਹੀ ਸਥਾਪਤ ਕੀਤਾ ਜਾਵੇ।

ਰਿਪਬਲਿਕ ਆਫ਼ ਆਇਰਲੈਂਡ (IE) 'ਚ, ਸਥਾਪਨਾ ਕਿਸੇ ਰਜਿਸਟਰਡ ਗੈਸ ਇੰਸਟਾਲਰ (Registered Gas Installer) (RGII) ਦੁਆਰਾ ਕੀਤੀ ਜਾਣੀ ਚਾਹੀਦੀ ਹੈ ਅਤੇ ਉਸਨੂੰ I.S. 813 "ਘਰੇਲੂ ਗੈਸ ਸਥਾਪਨਾਵਾਂ", ਮੌਜੂਦਾ ਬਿਲਡਿੰਗ ਕਾਇਦੇ, ਦੇ ਮੌਜੂਦਾ ਸੰਸਕਰਣ ਦੇ ਮੁਤਾਬਕ ਸਥਾਪਤ ਕੀਤਾ ਜਾਣਾ ਚਾਹੀਦਾ ਹੈ ਅਤੇ ਬਿਜਲਈ ਸਥਾਪਨਾ ਲਈ ਮੌਜੂਦਾ ETCI ਨਿਯਮਾਂ 'ਚ ਹਵਾਲਾ ਦਿੱਤਾ ਜਾਣਾ ਚਾਹੀਦਾ ਹੈ।

*ਬੌਇਲਰ ਨੂੰ ਸੁਰੱਖਿਅਤ ਅਤੇ ਕਿਫ਼ਾਇਤੀ ਢੰਗ ਨਾਲ ਚਲਾਉਣ ਲਈ, ਇਹ ਜ਼ਰੂਰੀ ਹੈ ਕਿ ਇਸ ਪੁਸਤਿਕਾ 'ਚ ਦਿੱਤੀਆਂ ਗਈਆਂ ਹਿਦਾਇਤਾਂ ਦੀ ਪੁਰਜ਼ੋਰ ਪਾਲਣਾ ਕੀਤੀ ਜਾਵੇ।*

### ਬਿਜਲੀ ਦੀ ਸਪਲਾਈ

**ਇਸ ਉਪਕਰਨ ਨੂੰ ਅਰਥ ਕੀਤਾ ਜਾਣਾ ਚਾਹੀਦਾ ਹੈ।**
**ਸਪਲਾਈ: 230 V ~ 50 Hz. ਫਿਊਜ਼ਿੰਗ 3A ਹੋਣੀ ਚਾਹੀਦੀ ਹੈ।**

### ਮਹੱਤਵਪੂਰਨ ਨੋਟਸ

- ਠੀਕ ਤਰ੍ਹਾਂ ਕੇਸਿੰਗ ਲਗਾਏ ਅਤੇ ਢੁਕਵੀਂ ਸੀਲ ਬਣਾਏ ਬਿਨਾਂ ਇਹ ਉਪਕਰਨ ਨਹੀਂ ਚਲਾਇਆ ਜਾਣਾ ਚਾਹੀਦਾ।
- ਜੇਕਰ ਬੌਇਲਰ ਕਿਸੇ ਕਮਰੇ 'ਚ ਸਥਾਪਤ ਕੀਤਾ ਜਾਂਦਾ ਹੈ ਤਾਂ ਉਹ ਕਮਰਾ ਭੰਡਾਰ ਲਈ ਬਿਲਕੁਲ ਨਹੀਂ ਵਰਤਿਆ ਜਾਣਾ ਚਾਹੀਦਾ।
- ਜੇਕਰ ਇਹ ਗਿਆਤ ਹੈ ਜਾਂ ਇਸਦਾ ਸ਼ੱਕ ਹੈ ਕਿ ਬੌਇਲਰ 'ਚ ਕੋਈ ਨੁਕਸ ਮੌਜੂਦ ਹੈ ਤਾਂ ਕਿਸੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਜਾਂ IE 'ਚ ਰਜਿਸਟਰਡ ਗੈਸ ਇੰਸਟਾਲਰ (RGII) ਦੁਆਰਾ ਉਸ 'ਚ ਸੁਧਾਰ ਨਾ ਕਰਨ ਤਕ ਉਹ ਬਿਲਕੁਲ ਨਹੀਂ ਵਰਤਿਆ ਜਾਣਾ ਚਾਹੀਦਾ।
- ਕਿਸੇ ਵੀ ਹਾਲਾਤ 'ਚ ਇਸ ਉਪਕਰਨ ਦੇ ਸੀਲਬੰਦ ਹਿੱਸਿਆਂ ਦੀ ਗਲਤ ਢੰਗ ਨਾਲ ਵਰਤੋਂ ਜਾਂ ਉਨ੍ਹਾਂ ਨਾਲ ਛੇੜਛਾੜ ਨਹੀਂ ਕੀਤੀ ਜਾਣੀ ਚਾਹੀਦੀ।
- ਇਹ ਉਪਕਰਨ 8 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਬੱਚਿਆਂ ਦੁਆਰਾ ਵਰਤਿਆ ਜਾ ਸਕਦਾ ਹੈ। ਨਾਲ ਹੀ ਘੱਟ ਸਰੀਰਕ, ਸੰਵੇਦੀ ਜਾਂ ਮਾਨਸਕ ਕਾਬਲੀਅਤਾਂ, ਜਾਂ ਤਜਰਬੇ ਅਤੇ ਗਿਆਨ ਦੀ ਕਮੀ ਵਾਲੇ ਲੋਕ, ਬਸ਼ਰਤੇ ਕਿ ਇਕ ਸੁਰੱਖਿਅਤ ਢੰਗ ਨਾਲ ਉਪਕਰਨ ਦੀ ਵਰਤੋਂ ਬਾਰੇ ਨਿਗਰਾਨੀ ਜਾਂ ਹਿਦਾਇਤ ਦਿੱਤੀ ਗਈ ਹੋਵੇ ਅਤੇ ਉਹ ਇਸ 'ਚ ਸ਼ਾਮਲ ਜੋਖਮ ਸਮਝਦੇ ਹਨ। ਬੱਚੇ ਉਪਕਰਣ ਨਾਲ ਨਹੀਂ ਖੇਡਣਗੇ। ਨਿਗਰਾਨੀ ਤੋਂ ਬਿਨਾਂ ਬੱਚਿਆਂ ਦੁਆਰਾ ਸਫ਼ਾਈ ਅਤੇ ਉਪਭੋਗਤਾ ਪ੍ਰਬੰਧਨ ਨਹੀਂ ਕੀਤਾ ਜਾਵੇਗਾ।

ਸਭ ਗੈਸ ਸੇਫ਼ ਰਜਿਸਟਰ (Gas Safe Register) ਸਥਾਪਕ ਇਕ ਗੈਸ ਸੇਫ਼ ਰਜਿਸਟਰਡ ਪਛਾਣ ਪੱਤਰ ਰੱਖਦੇ ਹਨ, ਅਤੇ ਉਨ੍ਹਾਂ ਕੋਲ ਇਕ ਪੰਜੀਕਰਨ ਸੰਖਿਆ ਹੁੰਦੀ ਹੈ। ਦੋਵਾਂ ਨੂੰ ਬੈਂਚਮਾਰਕ ਕਮਿਸ਼ਨਿਗਿ ਚੈੱਕਲਿਸਟ 'ਚ ਰਕਿਾਰਡ ਕੀਤਾ ਜਾਣਾ ਚਾਹੀਦਾ ਹੈ। ਤੁਸੀਂ 0800 4085500 'ਤੇ ਗੈਸ ਸੇਫ਼ ਰਜਿਸਟਰ ਨੂੰ ਸਿੱਧਾ ਕਾਲ ਕਰ ਕੇ ਆਪਣੇ ਸਥਾਪਕ ਬਾਰੇ ਪੁੱਛ ਸਕਦੇ ਹੋ।

**Ideal Boilers** ਬੈਂਚਮਾਰਕ ਸਕੀਮ ਦਾ ਸਦੱਸ ਹੈ ਅਤੇ ਕਾਰਜਕ੍ਰਮ ਦੇ ਟੀਚਿਆਂ ਦਾ ਪੂਰੀ ਤਰ੍ਹਾਂ ਸਮਰਥਨ ਕਰਦਾ ਹੈ। ਯੂ.ਕੇ. 'ਚ ਸੈਂਟ੍ਰਲ ਹੀਟਿੰਗ ਸਿਸਟਮਸ ਦੀ ਸਥਾਪਨਾ ਅਤੇ ਕਮਿਸ਼ਨਿੰਗ ਦੇ ਮਿਆਰਾਂ 'ਚ ਸੁਧਾਰ ਕਰਨ ਅਤੇ ਸੁਰੱਖਿਆ ਅਤੇ ਕੁਸ਼ਲਤਾ ਨੂੰ ਯਕੀਨੀ ਬਣਾਉਣ ਲਈ ਸਭ ਸੈਂਟ੍ਰਲ ਹੀਟਿੰਗ ਸਿਸਟਮਸ ਦੀ ਬਾਕਾਇਦਾ ਸਰਵਿਸਿੰਗ ਨੂੰ ਵਧਾਉਣ ਲਈ Benchmark ਦੀ ਪੇਸ਼ਕਸ਼ ਕੀਤੀ ਗਈ ਹੈ।


**ਹਰ ਸਰਵਸਿ ਤੋਂ ਬਾਅਦ ਬੈਂਚਮਾਰਕ ਸਰਵਸਿ ਅੰਤਰਾਲ ਰਕਿਾਰਡ ਪੂਰਾ ਕੀਤਾ ਜਾਣਾ ਚਾਹੀਦਾ ਹੈ**

benchmark COLLECTIVE MARK
THE MARK OF QUALITY FOR THE INSTALLATION, COMMISSIONING AND SERVICING OF DOMESTIC HEATING AND HOT WATER SYSTEMS

# 2. ਬੌਇਲਰ ਓਪਰੇਸ਼ਨ

**ਲੇਜੇਂਡ**

A. ਘਰੇਲੂ ਗਰਮ ਪਾਣੀ ਤਾਪਮਾਨ ਨੌਬ
B. ਸੈਂਟ੍ਰਲ ਹੀਟਗਿ ਤਾਪਮਾਨ ਨੌਬ
C. ਮੋਡ ਨੌਬ
D. ਬੌਇਲਰ ਸਥਤਿੀ ਡਸਿਪਲੇ
E. ਬਰਨਰ ‘ਚਾਲੂ’ ਸੂਚਕ
F. ਪ੍ਰੀਹੀਟ ਚਾਲੂ ਬੰਦ ਬਟਨ
G. ਦੁਬਾਰਾ ਸ਼ੁਰੂ ਕਰੋ ਬਟਨ
H. ਸੈਂਟ੍ਰਲ ਹੀਟਗਿ ਕਫ਼ਿਾਇਤ ਸੈਟਗਿ
I. ਦਬਾ ਗੇਜ




## ਬੌਇਲਰ ਚਾਲੂ ਕਰਨ ਲਈ

ਜੇਕਰ ਪ੍ਰੋਗਰਾਮਰ ਲਗਾਇਆ ਗਆਿ ਹੈ ਤਾਂ ਅੱਗੇ ਵੱਧਣ ਤੋ ਪਹਲਿਾਂ ਪ੍ਰੋਗਰਾਮਰ ਲਈ ਵੱਖਰੀਆਂ ਹਦਿਾਇਤਾਂ ਵੇਖੋ।

ਹੇਠਾਂ ਦੱਸੇ ਗਏ ਢੰਗ ਨਾਲ ਬੌਇਲਰ ਸ਼ੁਰੂ ਕਰੋ:

1. ਇਹ ਜਾਂਚੋ ਕਿ ਬੌਇਲਰ ਨੂੰ ਬਜਿਲੀ ਦੀ ਸਪਲਾਈ ਬੰਦ ਹੈ।
2. ਮੋਡ ਨੌਬ (C) ਨੂੰ ‘**ਬੌਇਲਰ ਬੰਦ**’ 'ਤੇ ਸੈਟ ਕਰੋ।
3. ਘਰੇਲੂ ਗਰਮ ਪਾਣੀ ਤਾਪਮਾਨ ਨੌਬ (A) ਅਤੇ ਸੈਂਟ੍ਰਲ ਹੀਟਗਿ ਤਾਪਮਾਨ ਨੌਬ (B) ਨੂੰ ‘**MAX**’ **(ਅਧਕਿਤਮ)** 'ਤੇ ਸੈਟ ਕਰੋ।
4. ਇਹ ਯਕੀਨੀ ਬਣਾਓ ਕਿ ਗਰਮ ਪਾਣੀ ਦੀਆਂ ਸਭ ਟੂਟੀਆਂ ਬੰਦ ਹਨ।
5. ਬੌਇਲਰ ਦੀ ਬਜਿਲੀ ਚਾਲੂ ਕਰੋ ਅਤੇ ਇਹ ਜਾਂਚੋ ਕਿ ਸਾਰੇ ਬਾਹਰੀ ਕੰਟ੍ਰੋਲਸ, ਜਵਿੇਂ ਪ੍ਰੋਗਰਾਮਰ ਅਤੇ ਰੂਮ ਥਰਮੋਸਟੈਟ, ਚਾਲੂ ਹਨ।
6. ਮੋਡ ਨੌਬ (C) ਨੂੰ ‘ ’ (ਸਰਦੀ) 'ਤੇ ਸੈਟ ਕਰੋ।

ਲੋੜ ਪੈਣ 'ਤੇ, ਸੈਂਟ੍ਰਲ ਹੀਟਗਿ ਨੂੰ ਤਾਪ ਪਹੁੰਚਾਉਂਦੇ ਹੋਏ, ਬੌਇਲਰ ਇਗਨੀਸ਼ਨ ਕ੍ਰਮ ਸ਼ੁਰੂ ਕਰ ਦੇਵੇਗਾ।

**ਨੋਟ।** *ਸਧਾਰਨ ਕਾਰਵਾਈ 'ਚ ਬੌਇਲਰ ਸਥਤਿੀ ਡਸਿਪਲੇ (D) ਇਹ ਕੋਡ ਵਖਿਾਏਗਾ:*

| | |
|---|---|
| *00* | *ਸਟੈਂਡਬਾਇ - ਗਰਮੀ ਦੀ ਮੰਗ ਨਹੀਂ।* |
| | *ਸੈਂਟ੍ਰਲ ਹੀਟਗਿ ਨੂੰ ਸਪਲਾਈ ਦਤਿੀ ਜਾ ਰਹੀ ਹੈ* |
| | *ਘਰੇਲੂ ਗਰਮ ਪਾਣੀ ਮੁਹੱਈਆ ਕੀਤਾ ਜਾ ਰਹਿਾ ਹੈ* |
| *PH* | *ਘਰੇਲੂ ਗਰਮ ਪਾਣੀ ਪ੍ਰੀਹੀਟ* |
| *FP* | *ਬੌਇਲਰ ਫ੍ਰੌਸਟ ਸੁਰੱਖਆਿ - ਜੇਕਰ ਤਾਪਮਾਨ 5ºਸੇ. ਤੋਂ ਘੱਟ ਹੋਣ 'ਤੇ ਬੌਇਲਰ ਜਲੇਗਾ।* |

ਸਧਾਰਨ ਸੰਚਾਲਨ ਦੇ ਦੌਰਾਨ ਸੂਚਕ ' ' 'ਤੇ ਬਰਨਰ ਨੂੰ ਜਲਾਉਣ 'ਤੇ ਉਹ ਰੋਸ਼ਨ ਰਹੇਗਾ।

ਨੋਟ: ਜੇਕਰ ਪੰਜ ਵਾਰੀ ਕੋਸ਼ਿਸ਼ ਕਰਨ ਤੋਂ ਬਾਅਦ ਬੌਇਲਰ ਸ਼ੁਰੂ ਨਹੀਂ ਹੁੰਦਾ ਤਾਂ ਨੁਕਸ ਕੋਡ *L2* ਪ੍ਰਦਰਸ਼ਿਤ ਕੀਤਾ ਜਾਵੇਗਾ (ਨੁਕਸ ਕੋਡ ਪੰਨਾ ਵੇਖੋ)।

## ਓਪਰੇਸ਼ਨ ਮੋਡ

**ਸਰਦੀ ਦੇ ਹਾਲਾਤ -** (ਸੈਂਟ੍ਰਲ ਹੀਟਿੰਗ ਅਤੇ ਘਰੇਲੂ ਗਰਮ ਪਾਣੀ ਦੀ ਲੋੜ ਹੋਵੇਗੀ)

ਮੋਡ ਨੌਬ (C) ਨੂੰ ‘ ’ (ਸਰਦੀ) 'ਤੇ ਸੈਟ ਕਰੋ।

ਬੌਇਲਰ ਜਲੇਗਾ ਅਤੇ ਰੇਡੀਏਟਰਾਂ ਨੂੰ ਗਰਮੀ ਪਹੁੰਚਾਏਗਾ ਪਰ ਘਰੇਲੂ ਗਰਮ ਪਾਣੀ ਦੀ ਮੰਗ ਨੂੰ ਤਰਜੀਹ ਦੇਵੇਗਾ।

ਘਰੇਲੂ ਗਰਮ ਪਾਣੀ ਪ੍ਰੀਹੀਟ ‘**PREHEAT**’ ਬਟਨ ਦਬਾਉਣ 'ਤੇ ਕੰਮ ਕਰੇਗੀ ਤਾਂ ਜੋ ਡਸਿਪਲੇ “HOT WATER PREHEAT ON” ਦਖਿਾਏ।

**ਗਰਮੀ ਦੇ ਹਾਲਾਤ -** (ਸਰਿਫ ਘਰੇਲੂ ਗਰਮ ਪਾਣੀ ਦੀ ਲੋੜ ਹੋਵੇਗੀ)

ਮੋਡ ਨੌਬ (C) ਨੂੰ ‘ ’ (ਗਰਮੀ) 'ਤੇ ਸੈਟ ਕਰੋ।

ਬਾਹਰਲੇ ਕੰਟ੍ਰੋਲਸ 'ਤੇ ਸੈਂਟ੍ਰਲ ਹੀਟਗਿ ਦੀ ਮੰਗ ਨੂੰ ਬੰਦ 'ਤੇ ਸੈਟ ਕਰੋ।

ਘਰੇਲੂ ਗਰਮ ਪਾਣੀ ਪ੍ਰੀਹੀਟ ‘**PREHEAT**’ ਬਟਨ ਦਬਾਉਣ 'ਤੇ ਕੰਮ ਕਰੇਗੀ ਤਾਂ ਜੋ ਡਸਿਪਲੇ “HOT WATER PREHEAT ON” ਦਖਿਾਏ।

### ਬੌਇਲਰ ਬੰਦ

ਮੋਡ ਨੌਬ (C) ਨੂੰ ‘**ਬੌਇਲਰ ਬੰਦ**’ 'ਤੇ ਸੈਟ ਕਰੋ ਫ੍ਰੌਸਟ ਸੁਰੱਖਿਆ ਨੂੰ ਯੋਗ ਬਣਾਉਣ ਲਈ ਬੌਇਲਰ ਦੀ ਮੇਨਸ ਪਾਵਰ ਸਪਲਾਈ ਚਾਲੂ ਰੱਖੀ ਜਾਣੀ ਚਾਹੀਦੀ ਹੈ (ਫ੍ਰੌਸਟ ਸੁਰੱਖਿਆ ਵੇਖੋ)।

## ਪ੍ਰੀਹੀਟ - ਘਰੇਲੂ ਗਰਮ ਪਾਣੀ

ਟੂਟੀ 'ਚ ਗਰਮ ਪਾਣੀ ਛੇਤੀ ਪਹੁੰਚਾਉਣ ਲਈ ਬੌਇਲਰ ਦੇ ਅੰਦਰ ਘਰੇਲੂ ਗਰਮ ਪਾਣੀ ਹੀਟ ਐਕਸਚੇਂਜਰ ਨੂੰ ਪਹਲਿਾਂ ਤੋ ਗਰਮ ਰੱਖਆਿ ਜਾ ਸਕਦਾ ਹੈ। ਇਹ ‘**PREHEAT**’ ਬਟਨ (F) ਦਬਾ ਕੇ ਪ੍ਰਾਪਤ ਕੀਤਾ ਜਾਂਦਾ ਹੈ ਤਾਂ ਜੋ ਡਸਿਪਲੇ 'ਤੇ ‘HOT WATER PREHEAT ON’ ਦਖਿਾਇਆ ਜਾਵੇ।

ਘਰੇਲੂ ਗਰਮ ਪਾਣੀ ਹੀਟ ਐਕਸਚੇਂਜਰ ਨੂੰ ਪਹਲਿਾਂ ਤੋਂ ਗਰਮ ਹਾਲਤ 'ਚ ਰੱਖਣ ਲਈ ਕੁਝ ਸਕਟਿਾਂ ਲਈ ਬੌਇਲਰ ਨਯਿਮਤਿ ਤੌਰ 'ਤੇ ਕੰਮ ਕਰੇਗਾ। ਕਾਰਵਾਈ ਦੇ ਦਰਮਆਿਨ ਸਮੇਂ ਦੀ ਔਸਤ ਮਆਿਦ 90 ਮਟਿ ਹੈ। ਬੌਇਲਰ ਦੇ ਨੇੜੇ ਮਾਹੌਲ ਦੇ ਤਾਪਮਾਨ ਕਰਕੇ ਇਹ ਖ਼ਾਸਾ ਵੱਖਰਾ ਹੋ ਸਕਦਾ ਹੈ। ਕਦੇ ਵੀ ਘਰੇਲੂ ਗਰਮ ਪਾਣੀ ਦੀ ਮੰਗ ਹੋਣ 'ਤੇ ਬੌਇਲਰ ਕੰਮ ਕਰੇਗਾ।

ਜੇਕਰ ਗਰਮ ਪਾਣੀ ਦੀ ਮਆਿਰੀ ਡਲਿਵਿਰੀ ਤਸੱਲੀਬਖਸ਼ ਹੈ ਤਾਂ ‘**PREHEAT**’ ਬਟਨ (F) ਦਬਾਓ ਤਾਂ ਜੋ ਡਸਿਪਲੇ 'ਤੇ ‘HOT WATER PREHEAT OFF’ ਦਖਿਾਇਆ ਜਾਵੇ।

## ਪਾਣੀ ਦੇ ਤਾਪਮਾਨ ਦਾ ਨਿਯੰਤ੍ਰਣ

### ਘਰੇਲੂ ਗਰਮ ਪਾਣੀ

ਬੌਇਲਰ ਦੇ ਕੰਟ੍ਰੋਲਸ ਕਰਕੇ ਘਰੇਲੂ ਗਰਮ ਪਾਣੀ ਦਾ ਤਾਪਮਾਨ 65°ਸੈ. ਦੇ ਅਧਕਿਤਮ ਤਾਪਮਾਨ ਤਕ ਸੀਮਤਿ ਹੁੰਦਾ ਹੈ, ਜਸਿਨੂੰ ਘਰੇਲੂ ਗਰਮ ਪਾਣੀ ਤਾਪਮਾਨ ਨੌਬ (A) ਰਾਹੀਂ ਘਟਾਇਆ ਜਾਂ ਵਧਾਇਆ ਜਾ ਸਕਦਾ ਹੈ।

ਘਰੇਲੂ ਗਰਮ ਪਾਣੀ ਦੇ ਤਕਰੀਬਨ ਤਾਪਮਾਨ:

| ਨੌਬ ਸੈਟਗਿ | ਗਰਮ ਪਾਣੀ ਦਾ ਤਾਪਮਾਨ (ਤਕਰੀਬਨ) |
|---|---|
| ਨਿਊਨਤਮ | 40ºਸੈ. |
| ਅਧਕਿਤਮ | 65ºਸੈ. |

ਸਸਿਟਮ 'ਚ ਬਦਲਾਵਾਂ ਅਤੇ ਮੌਸਮੀ ਤੌਰ 'ਤੇ ਤਾਪਮਾਨ 'ਚ ਘੱਟ-ਵੱਧ ਕਰਕੇ ਘਰੇਲੂ ਗਰਮ ਪਾਣੀ ਵਹਾ ਦਰਾਂ/ਤਾਪਮਾਨ 'ਚ ਵਾਧਾ ਵੱਖਰਾ ਹੋਵੇਗਾ, ਜਸਿਦੇ ਲਈ ਟੂਟੀ ਨੂੰ ਖੋਲ੍ਹਣ ਜਾਂ ਬੰਦ ਕਰਨ ਦੀ ਲੋੜ ਹੋਵੇਗੀ: ਵਹਾ ਦੀ ਦਰ ਜਨਿੀ ਜ਼ਆਿਦਾ ਹੋਵੇਗੀ ਤਾਪਮਾਨ ਓਨਾ ਜ਼ਆਿਦਾ ਵੱਧੇਗਾ, ਅਤੇ ਇਸਦੇ ਉਲਟ।

### ਸੈਂਟ੍ਰਲ ਹੀਟਿੰਗ

ਬੌਇਲਰ ਸੈਂਟ੍ਰਲ ਹੀਟਗਿ ਰੇਡੀਏਟਰ ਦੇ ਤਾਪਮਾਨ ਨੂੰ ਅਧਕਿਤਮ 80°ਸੈ. ਤਕ ਨਯਿੰਤ੍ਰਤ ਕਰਦਾ ਹੈ, ਜਸਿਨੂੰ ਸੈਂਟ੍ਰਲ ਹੀਟਗਿ ਤਾਪਮਾਨ ਨੌਬ (B) ਰਾਹੀਂ ਘਟਾਇਆ ਜਾਂ ਵਧਾਇਆ ਜਾ ਸਕਦਾ ਹੈ।

ਸੈਂਟ੍ਰਲ ਹੀਟਗਿ ਲਈ ਤਕਰੀਬਨ ਤਾਪਮਾਨ:

| ਨੌਬ ਸੈਟਗਿ | ਸੈਂਟ੍ਰਲ ਹੀਟਗਿ ਰੇਡੀਏਟਰ ਤਾਪਮਾਨ (ਤਕਰੀਬਨ) |
|---|---|
| ਨਿਊਨਤਮ | 30ºਸੈ. |
| ਅਧਕਿਤਮ | 80ºਸੈ. |

ਕਫ਼ਿਾਇਤ ਸੈਟਗਿ ‘**e**’ ਲਈ ਕੁਸ਼ਲ ਹੀਟਗਿ ਸਸਿਟਮ ਕਾਰਵਾਈ ਵੇਖੋ।

ਜਾਰੀ ਹੈ.........

## ਕੁਸ਼ਲ ਹੀਟਿੰਗ ਸਿਸਟਮ ਸੰਚਾਲਨ

ਬੋਇਲਰ ਇਕ ਵਾਧੂ ਕੁਸ਼ਲਤਾ ਵਾਲਾ, ਦ੍ਰਵ ਉਤਪੰਨ ਕਰਨ ਵਾਲਾ ਉਪਕਰਨ ਹੈ ਜੋ ਗਰਮੀ ਦੀ ਮੰਗ ਨੂੰ ਪੂਰਾ ਕਰਨ ਲਈ ਆਪਣੇ ਆਉਟਪੁਟ ਨੂੰ ਆਪ ਘਟਾਏਗਾ ਜਾਂ ਵਧਾਏਗਾ। ਇਸਲਈ ਗਰਮੀ ਦੀ ਮੰਗ ਘਟਣ 'ਤੇ ਗੈਸ ਦੀ ਖਪਤ ਘੱਟ ਜਾਂਦੀ ਹੈ।

ਸਭ ਤੋਂ ਜ਼ਿਆਦਾ ਕੁਸ਼ਲਤਾ 'ਤੇ ਕੰਮ ਕਰਦੇ ਹੋਏ ਬੌਇਲਰ ਫ਼ਲੂ ਗੈਸਾਂ ਤੋਂ ਪਾਣੀ ਉਤਪੰਨ ਕਰਦਾ ਹੈ। ਆਪਣੇ ਬੌਇਲਰ ਨੂੰ ਕੁਸ਼ਲ ਢੰਗ ਨਾਲ ਚਲਾਉਣ (ਗੈਸ ਦੀ ਘੱਟ ਵਰਤੋਂ ਕਰਦੇ ਹੋਏ) ਲਈ ਸੈਂਟ੍ਰਲ ਹੀਟਿੰਗ ਤਾਪਮਾਨ ਨੌਬ (B) ਨੂੰ ' e ' ਅਵਸਥਾ ਜਾਂ ਉਸ ਤੋਂ ਥੱਲੇ ਘੁੰਮਾਓ। ਸਰਦੀਆਂ 'ਚ ਗਰਮੀ ਦੀ ਮੰਗ ਨੂੰ ਪੂਰਾ ਕਰਨ ਲਈ ਨੌਬ ਨੂੰ '**ਅਧਿਕਤਮ**' ਅਵਸਥਾ ਵੱਲ ਘੁੰਮਾਉਣ ਦੀ ਲੋੜ ਹੋ ਸਕਦੀ ਹੈ। ਇਹ ਘਰ ਅਤੇ ਵਰਤੇ ਜਾਣ ਵਾਲੇ ਰੇਡੀਏਟਰਾਂ 'ਤੇ ਨਿਰਭਰ ਕਰੇਗਾ।

ਕਮਰੇ ਦੀ ਥਰਮੋਸਟੈਟ ਸੈਟਿੰਗ ਨੂੰ 1ºਸੈ. ਤੋਂ ਘਟਾਉਣਾ ਗੈਸ ਦੀ ਖਪਤ ਨੂੰ 10% ਤਕ ਘਟਾ ਸਕਦਾ ਹੈ।

## ਮੌਸਮ ਪੂਰਤੀ

ਜਦੋਂ ਸਿਸਟਮ 'ਚ ਮੌਸਮ ਪੂਰਤੀ ਵਿਕਲਪ ਲਗਾਇਆ ਜਾਂਦਾ ਹੈ ਤਾਂ ਸੈਂਟ੍ਰਲ ਹੀਟਿੰਗ ਤਾਪਮਾਨ ਨੌਬ (B) ਕਮਰੇ ਦੇ ਤਾਪਮਾਨ ਨੂੰ ਨਿਯੰਤ੍ਰਤ ਕਰਨ ਦਾ ਜ਼ਰੀਆ ਬਣ ਜਾਂਦੀ ਹੈ। ਕਮਰੇ ਦਾ ਤਾਪਮਾਨ ਵਧਾਉਣ ਲਈ ਨੌਬ ਨੂੰ ਘੜੀ ਦੀ ਦਿਸ਼ਾ 'ਚ ਅਤੇ ਕਮਰੇ ਦਾ ਤਾਪਮਾਨ ਘਟਾਉਣ ਲਈ ਉਸਨੂੰ ਘੜੀ ਦੀ ਦਿਸ਼ਾ ਤੋਂ ਉਲਟ ਘੁੰਮਾਓ। ਲੋੜੀਂਦੀ ਸੈਟਿੰਗ ਹਾਸਲ ਹੋਣ 'ਤੇ, ਨੌਬ ਨੂੰ ਇਸ ਅਵਸਥਾ 'ਚ ਛੱਡ ਦਿਓ ਅਤੇ ਬਾਹਰਲੇ ਸਭ ਮੌਸਮੀ ਹਾਲਾਤ ਲਈ ਸਿਸਟਮ ਆਪਣੇ ਆਪ ਕਮਰੇ ਦਾ ਲੋੜੀਂਦਾ ਤਾਪਮਾਨ ਹਾਸਲ ਕਰ ਲਵੇਗਾ।

## ਬੌਇਲਰ ਫ੍ਰੌਸਟ ਸੁਰੱਖਿਆ

ਬੌਇਲਰ 'ਚ ਫ੍ਰੌਸਟ ਸੁਰੱਖਿਆ ਲੱਗੀ ਹੋਈ ਹੈ ਜੋ ਸਭ ਮੋਡਾਂ 'ਚ ਕੰਮ ਕਰਦਾ ਹੈ, ਬਸ਼ਰਤੇ ਕਿ ਬੌਇਲਰ ਨੂੰ ਬਿਜਲੀ ਦੀ ਸਪਲਾਈ ਹਮੇਸ਼ਾ ਚਾਲੂ ਰਹਿੰਦੀ ਹੈ। ਜੇਕਰ ਬੌਇਲਰ 'ਚ ਪਾਣੀ ਦਾ ਤਾਪਮਾਨ 5ºਸੈ. ਤੋਂ ਘੱਟ ਜਾਂਦਾ ਹੈ, ਤਾਂ ਫ੍ਰੌਸਟ ਸੁਰੱਖਿਆ ਸਕ੍ਰਿਆ ਹੋ ਜਾਵੇਗੀ ਅਤੇ ਜੰਮਣ ਤੋਂ ਬਚਾਉਣ ਲਈ ਬੌਇਲਰ ਨੂੰ ਚਲਾਏਗੀ। ਇਹ ਪਰਕਿਰਿਆ ਇਹ ਗਰੰਟੀ ਨਹੀਂ ਦਿੰਦੀ ਕਿ ਸਿਸਟਮ ਦੇ ਸਭ ਹਿੱਸਿਆਂ ਦਾ ਬਚਾ ਕੀਤਾ ਜਾਵੇਗਾ।

ਜੇਕਰ ਇਕ ਸਿਸਟਮ ਫ੍ਰੌਸਟ ਥਰਮੋਸਟੈਟ ਲਗਾਇਆ ਗਿਆ ਹੈ, ਤਾਂ ਸਿਸਟਮ ਫ੍ਰੌਸਟ ਸੁਰੱਖਿਆ ਚਲਾਉਣ ਲਈ ਬੌਇਲਰ ਨੂੰ ਸਰਦੀ ਦੇ ਮੋਡ, ' ', 'ਚ ਸੈਟ ਕੀਤਾ ਜਾਣਾ ਚਾਹੀਦਾ ਹੈ।

ਜੇਕਰ ਸਿਸਟਮ ਫ੍ਰੌਸਟ ਸੁਰੱਖਿਆ ਮੁਹੱਈਆ ਨਹੀਂ ਕੀਤੀ ਗਈ ਹੈ ਅਤੇ ਕੁਝ ਸਮੇਂ ਲਈ ਘਰੋਂ ਬਾਹਰ ਰਹਿਣ 'ਤੇ ਫ੍ਰੌਸਟ ਬਣਨ ਦੀ ਸੰਭਾਵਨਾ ਹੈ ਤਾਂ ਸਿਸਟਮ ਹੀਟਿੰਗ ਕੰਟ੍ਰੋਲਸ ਜਾਂ ਬਿਲਟ ਇਨ ਪ੍ਰੋਗਰਾਮਰ (ਜੇਕਰ ਲਗਾਇਆ ਗਿਆ ਹੈ) ਨੂੰ ਚਾਲੂ ਅਤੇ ਘੱਟ ਤਾਪਮਾਨ ਸੈਟਿੰਗ 'ਤੇ ਚੱਲਦਾ ਹੋਇਆ ਛੱਡਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਲੰਮੀ ਮਿਆਦਾਂ ਲਈ, ਪੂਰੇ ਸਿਸਟਮ ਨੂੰ ਖਾਲੀ ਕੀਤਾ ਜਾਣਾ ਚਾਹੀਦਾ ਹੈ।

## ਬੌਇਲਰ ਮੁੜ ਸ਼ੁਰੂ ਕਰਨਾ

ਬੌਇਲਰ ਨੂੰ ਮੁੜ ਸ਼ੁਰੂ ਕਰਨ ਲਈ, ਸੂਚੀਬੱਧ ਕੀਤੇ ਨੁਕਸ ਕੋਡ (ਖੰਡ 8 ਵੇਖੋ) 'ਚ ਮੌਜੂਦ ਹਿਦਾਇਤਾਂ ਦੇ ਮੁਤਾਬਕ, ਮੁੜ ਸ਼ੁਰੂ ਕਰੋ ਬਟਨ (G) ਦਬਾਓ। ਬੌਇਲਰ ਆਪਣਾ ਇਗਨੀਸ਼ਨ ਕ੍ਰਮ ਦੁਹਰਾਏਗਾ। ਜੇਕਰ ਬੌਇਲਰ ਫੇਰ ਵੀ ਸ਼ੁਰੂ ਹੋਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਕਿਸੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਜਾਂ IE 'ਚ ਰਜਿਸਟਰਡ ਗੈਸ ਇੰਸਟਾਲਰ (RGII) ਨਾਲ ਸਲਾਹ ਕਰੋ।

## ਮੇਨਸ ਪਾਵਰ ਬੰਦ

ਬੌਇਲਰ ਦੀ ਬਜਿਲੀ ਕੱਟਣ ਲਈ ਮੇਨਸ ਪਾਵਰ ਸਵਿੱਚ ਬੰਦ ਕੀਤਾ ਜਾਣਾ ਚਾਹੀਦਾ ਹੈ।

## 3. ਸਿਸਟਮ 'ਚ ਪਾਣੀ ਦਾ ਦਬਾਉ





ਸਸਿਟਮ ਪ੍ਰੈਸ਼ਰ ਗੇਜ ਸੈਂਟ੍ਰਲ ਹੀਟਗਿ ਸਸਿਟਮ ਦਾ ਦਬਾ ਦਰਸਾਉਂਦਾ ਹੈ। ਜੇਕਰ ਸਮੇਂ ਦੇ ਨਾਲ ਦਬਾ 1-2 ਬਾਰ ਦੇ ਮੂਲ ਸਥਾਪਨਾ ਦਬਾ ਤੋਂ ਘਟਦਾ ਹੋਇਆ ਵਖਿਾਈ ਦਦਿਾ ਹੈ ਅਤੇ ਘਟਦਾ ਜਾਂਦਾ ਹੈ ਤਾਂ ਉਹ ਪਾਣੀ ਦੇ ਰਸਿਾਵ ਦਾ ਸੰਕੇਤ ਹੈ। ਇਸ ਸਥਤਿੀ 'ਚ ਹੇਠਾਂ ਵਖਿਾਏ ਗਏ ਢੰਗ ਨਾਲ ਸਸਿਟਮ ਨੂੰ ਮੁੜ-ਦਬਾ ਪੈਦਾ ਕਰੋ। ਜੇਕਰ ਤੁਸੀਂ ਇੰਝ ਕਰਨ 'ਚ ਅਸਮਰਥ ਹੋ ਜਾਂ ਜੇਕਰ ਦਬਾ ਘਟਦਾ ਜਾਂਦਾ ਹੈ ਤਾਂ ਕਸਿੇ ਗੈਸ ਸੇਫ਼ ਰਜਸਿਟਰਡ ਇੰਜੀਨੀਅਰ ਜਾਂ IE 'ਚ ਕਸਿੇ ਰਜਸਿਟਰਡ ਗੈਸ ਇੰਸਟਾਲਰ (RGII) ਨਾਲ ਸਲਾਹ ਕੀਤੀ ਜਾਣੀ ਚਾਹੀਦੀ ਹੈ।

***ਜੇਕਰ ਇਸ ਹਾਲਤ 'ਚ ਦਬਾ 0.3 ਬਾਰ ਤੋਂ ਘੱਟ ਹੋ ਚੁੱਕਾ ਹੈ ਤਾਂ ਬੌਇਲਰ ਕੰਮ ਨਹੀਂ ਕਰੇਗਾ।***

**ਸਿਸਟਮ ਨੂੰ ਟੌਪ ਅਪ ਕਰਨ ਲਈ:-**

1. ਇਹ ਯਕੀਨੀ ਬਣਾਓ ਕਿ A ਅਤੇ B ਦੋਵੇਂ ਹੈਂਡਲ (ਨੀਲੇ) ਬੰਦ ਅਵਸਥਾ 'ਚ ਹਨ (ਜਿਵੇਂ ਹੇਠਾਂ ਵਿਖਾਇਆ ਗਿਆ ਹੈ)
2. ਪਲੱਗ ਅਤੇ ਕੈਪ ਹਟਾਓ ਅਤੇ ਉਹ ਆਪਣੇ ਕੋਲ ਰੱਖੋ।
3. ਫਿਲਿੰਗ ਲੂਪ ਨੂੰ ਘਰੇਲੂ ਗਰਮ ਪਾਣੀ (DHW) ਇਨਲੈਟ ਨਾਲ ਜੋੜੋ ਅਤੇ ਕੱਸੋ। ਇਹ ਵੀ ਯਕੀਨੀ ਬਣਾਓ ਕਿ ਫਿਲਿੰਗ ਲੂਪ ਦਾ ਦੂਜਾ ਸਿਰਾ ਬਿਲਕੁਲ ਕੱਸਿਆ ਜਾਂਦਾ ਹੈ।




4. ਘਰੇਲੂ ਗਰਮ ਪਾਣੀ (DHW) ਇਨਲੈਟ ਦੇ A ਨੀਲੇ ਹੈਂਡਲ ਨੂੰ ਲੇਟਵੀਂ ਅਵਸਥਾ 'ਚ ਘੁੰਮਾਓ।
5. ਇਹ ਯਕੀਨੀ ਬਣਾਉਂਦੇ ਹੋਏ ਕਿ ਕੋਈ ਰਿਸਾਵ ਵਿਖਾਈ ਨਹੀਂ ਦਿੰਦਾ, ਫਿਲਿੰਗ ਲੂਪ ਦੇ ਹੈਂਡਲ (ਨੀਲੇ) ਨੂੰ ਹੌਲੀ-ਹੌਲੀ B ਲੇਟਵੀਂ ਅਵਸਥਾ 'ਚ ਘੁੰਮਾਓ।
6. ਪ੍ਰੈਸ਼ਰ ਗੇਜ 'ਚ ਦਬਾ 1 ਅਤੇ 1.5 ਬਾਰ ਤਕ ਪਹੁੰਚਣ ਤਕ ਉਡੀਕ ਕਰੋ।
7. ਦਬਾ ਹਾਸਲ ਹੋਣ 'ਤੇ ਵਾਲਵਾਂ A ਅਤੇ B ਨੂੰ ਵਾਪਸ ਬੰਦ ਸਥਿਤੀ 'ਚ ਘੁੰਮਾ ਦਿਓ।
8. ਫਿਲਿੰਗ ਲੂਪ ਨੂੰ ਹਟਾ ਦਿਓ, ਕੈਪ ਅਤੇ ਪਲੱਗ ਨੂੰ ਬਦਲੋ। ਧਿਆਨ ਦਿਓ ਕਿ ਇਸ ਸਥਿਤੀ 'ਚ ਕੁਝ ਪਾਣੀ ਡੁੱਲ੍ਹ ਸਕਦਾ ਹੈ।

# 4. ਕਨਡੈਨਸੇਟ ਡ੍ਰੇਨ

ਇਸ ਉਪਕਰਨ 'ਚ ਇਕ ਸਿਫੋਨਿਕ ਕਨਡੇਨਸੇਟ ਟ੍ਰੈਪ ਸਿਸਟਮ ਲੱਗਾ ਹੋਇਆ ਹੈ ਜੋ ਉਪਕਰਨ ਦਾ ਕਨਡੇਨਸੇਟ ਜੰਮਣ ਦੇ ਜੋਖਮ ਨੂੰ ਘਟਾਉਂਦਾ ਹੈ। ਹਾਲਾਂਕਿ ਇਸ ਉਪਕਰਨ ਦੀ ਕਨਡੇਨਸੇਟ ਪਾਈਪ ਦੇ ਜੰਮਣ ਦੀ ਹਾਲਤ 'ਚ, ਕਿਰਪਾ ਕਰਕੇ ਇਨ੍ਹਾਂ ਹਿਦਾਇਤਾਂ ਦੀ ਪਾਲਣਾ ਕਰੋ:

a. ਜੇਕਰ ਤੁਸੀਂ ਹੇਠ ਦਿੱਤੀਆਂ ਗਈਆਂ ਡੀਫ੍ਰੌਸਟਿੰਗ ਦੀਆਂ ਹਿਦਾਇਤਾਂ ਦੀ ਪਾਲਣਾ ਕਰਨ 'ਚ ਅਸਮਰਥ ਮਹਿਸੂਸ ਕਰਦੇ ਹੋ ਤਾਂ ਕਿਰਪਾ ਕਰਕੇ ਮਦਦ ਲਈ ਆਪਣੇ ਸਥਾਨਕ ਗੈਸ ਸੇਫ਼ ਰਜਿਸਟਰਡ ਸਥਾਪਕ ਨੂੰ ਕਾਲ ਕਰੋ।

b. ਜੇਕਰ ਤੁਸੀਂ ਹੇਠ ਦਿੱਤੀਆਂ ਗਈਆਂ ਹਿਦਾਇਤਾਂ ਦੀ ਪਾਲਣਾ ਕਰਨ 'ਚ ਸਮਰੱਥ ਮਹਿਸੂਸ ਕਰਦੇ ਹੋ ਤਾਂ ਕਿਰਪਾ ਕਰਕੇ ਗਰਮ ਭਾਂਡਿਆਂ ਨਾਲ ਕੰਮ ਕਰਦੇ ਹੋਏ ਸਾਵਧਾਨੀ ਨਾਲ ਇੱਛ ਕਰੋ। ਜ਼ਮੀਨ ਦੇ ਪੱਧਰ ਤੋਂ ਉੱਪਰ ਪਾਈਪਾਂ ਨੂੰ ਪਿਘਲਾਉਣ ਦੀ ਕੋਸ਼ਿਸ਼ ਨਾ ਕਰੋ।

ਜੇਕਰ ਇਸ ਉਪਕਰਨ ਦੀ ਕਨਡੇਨਸੇਟ ਪਾਈਪ 'ਚ ਰੁਕਾਵਟ ਪੈਦਾ ਹੋ ਜਾਂਦੀ ਹੈ, ਤਾਂ ਇਸਦਾ ਕਨਡੇਨਸੇਟ ਓਦੋਂ ਤਕ ਜਮ੍ਹਾਂ ਹੋਵੇਗਾ ਜਦੋਂ ਉਹ ਇਕ *"L2"* ਨੁਕਸ ਕੋਡ ਲਾਕ ਕਰਨ ਤੋਂ ਪਹਿਲਾਂ ਗੁੜਗੁੜਾਉਣ ਦੀ ਅਵਾਜ਼ ਕੱਢੇਗਾ। ਜੇਕਰ ਇਹ ਉਪਕਰਨ ਮੁੜ ਸ਼ੁਰੂ ਕੀਤਾ ਜਾਂਦਾ ਹੈ ਤਾਂ ਇਕ ਨਾਕਾਮਯਾਬ ਇਗਨੀਸ਼ਨ *"L2"* ਕੋਡ ਲਾਕ ਕਰਨ ਤੋਂ ਪਹਿਲਾਂ ਗੁੜਗੁੜਾਉਣ ਦੀ ਅਵਾਜ਼ ਕੱਢੇਗਾ।

ਕਿਸੇ ਜੰਮੀ ਹੋਈ ਕਨਡੈਨਸੇਟ ਪਾਈਪ ਵਚਲੀ ਰੁਕਾਵਟ ਦੂਰ ਕਰਨ ਲਈ;

1. ਉਪਕਰਨ 'ਤੇ ਪਲਾਸਟਿਕ ਦੀ ਪਾਈਪ ਦੇ ਨਿਕਾਸ ਦੀ ਥਾਂ ਤੋਂ ਉਸਦੀ ਰਾਹ ਦੇ ਪਿੱਛੇ ਚਲੋ, ਉਸਦੀ ਰਾਹ ਤੋਂ ਲੈ ਕੇ ਉਸਦੇ ਅਖ਼ੀਰ ਤਕ।

   ਜੰਮੀ ਹੋਈ ਰੁਕਾਵਟ ਲੱਭੋ। ਇਹ ਮੁਮਕਿਨ ਹੈ ਕਿ ਇਮਾਰਤ ਤੋਂ ਬਾਹਰ ਸਭ ਤੋਂ ਨੰਗੀ ਥਾਂ 'ਤੇ ਜਾਂ ਉੱਥੇ ਜਿੱਥੇ ਵਹਾ 'ਚ ਕੋਈ ਰੁਕਾਵਟ ਹੋਵੇ, ਪਾਈਪ ਜੰਮੀ ਹੋਈ ਹੋਵੇ। ਇਹ ਪਾਈਪ ਦੇ ਖੁੱਲ੍ਹੇ ਸਿਰੇ, ਕਿਸੇ ਮੋੜ ਜਾਂ ਐੱਲਬੋ 'ਤੇ, ਜਾਂ ਉੱਥੇ ਵੀ ਹੋ ਸਕਦਾ ਹੈ ਜਿੱਥੇ ਪਾਈਪ ਕੁਝ ਡੂੰਘੀ ਹੋਵੇ ਜਿਸ 'ਚ ਕਨਡੇਨਸੇਟ ਜਮ੍ਹਾਂ ਹੋ ਸਕਦਾ ਹੈ। ਕੋਈ ਹੋਰ ਕਾਰਵਾਈ ਕਰਨ ਤੋਂ ਪਹਿਲਾਂ ਰੁਕਾਵਟ ਦੀ ਥਾਂ ਦੀ ਬਾਰੀਕੀ ਨਾਲ ਪਛਾਣ ਕੀਤੀ ਜਾਣੀ ਚਾਹੀਦੀ ਹੈ।

2. ਜੰਮੀ ਹੋਈ ਰੁਕਾਵਟ ਦੀ ਥਾਂ 'ਤੇ ਗਰਮ ਪਾਣੀ ਦੀ ਬੋਤਲ, ਮਾਇਕ੍ਰੋਵੇਵ ਕਰਨ ਯੋਗ ਗਰਮ ਪੈਕ ਜਾਂ ਗਰਮ ਸਿੱਲ੍ਹਾ ਕੱਪੜਾ ਲਗਾਓ। ਇਸ ਤੋਂ ਪਹਿਲਾਂ ਕਿ ਉਹ ਪੂਰੀ ਤਰ੍ਹਾਂ ਪਿਘਲੇ ਕਈ ਵਾਰ ਉਹ ਸਭ ਲਗਾਉਣ ਦੀ ਲੋੜ ਹੋ ਸਕਦੀ ਹੈ। ਪਾਣੀ ਦੇਣ ਦੀ ਕੈਨ ਜਾਂ ਕਿਸੇ ਮਿਲਦੀ-ਜੁਲਦੀ ਚੀਜ਼ ਨਾਲ ਪਾਈਪ 'ਚ ਗਰਮ ਪਾਣੀ ਵੀ ਪਾਇਆ ਜਾ ਸਕਦਾ ਹੈ। ਉਬਲਦੇ ਹੋਏ ਪਾਣੀ ਦੀ ਵਰਤੋਂ ਨਾ ਕਰੋ।

3. ਗਰਮ ਪਾਣੀ ਦੀ ਵਰਤੋਂ ਕਰਦੇ ਹੋਏ ਸਾਵਧਾਨੀ ਵਰਤੋ ਕਿਉਂਕਿ ਉਹ ਜੰਮ ਸਕਦਾ ਹੈ ਅਤੇ ਦੂਜੇ ਸਥਾਨਕ ਜੋਖਮ ਪੈਦਾ ਕਰ ਸਕਦਾ ਹੈ।

4. ਰੁਕਾਵਟ ਹਟਣ ਤੋਂ ਬਾਅਦ ਅਤੇ ਜਦੋਂ ਕਨਡੇਨਸੇਟ ਬੇਰੋਕ ਵੱਗ ਸਕਦਾ ਹੋਵੇ, ਉਪਕਰਨ ਨੂੰ ਮੁੜ ਸ਼ੁਰੂ ਕਰੋ। ("ਬੌਇਲਰ ਨੂੰ ਬਾਲਣਾ" ਵੇਖੋ)

5. ਜੇਕਰ ਉਪਕਰਨ ਬਲਣ 'ਚ ਨਾਕਾਮਯਾਬ ਰਹਿੰਦਾ ਹੈ, ਤਾਂ ਆਪਣੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਨੂੰ ਕਾਲ ਕਰੋ।

### ਨਿਵਾਰਕ ਹੱਲ

ਠੰਡ ਦੇ ਮੌਸਮ ਦੇ ਦੌਰਾਨ, ਸੈਂਟ੍ਰਲ ਹੀਟਿੰਗ ਤਾਪਮਾਨ ਨੌਬ (B) ਨੂੰ ਅਧਿਕਤਮ 'ਤੇ ਸੈਟ ਕਰੋ, ਠੰਡ ਦਾ ਦੌਰ ਖ਼ਤਮ ਹੋਣ 'ਤੇ ਮੂਲ ਸੈਟਿੰਗ 'ਤੇ ਵਾਪਸ ਆਉਣਾ ਪਵੇਗਾ)।

ਹੀਟਿੰਗ ਲਗਾਤਾਰ ਚਾਲੂ ਰੱਖੋ ਅਤੇ ਰਾਤ ਵੇਲੇ ਜਾਂ ਕਮਰਾ ਖਾਲੀ ਹੋਣ 'ਤੇ ਕਮਰੇ ਦੇ ਥਰਮੋਸਟੈਟ ਨੂੰ 15ºਸੈ. 'ਤੇ ਰੱਖੋ। (ਠੰਡ ਖ਼ਤਮ ਹੋਣ ਤੋਂ ਬਾਅਦ ਉਸਨੂੰ ਵਾਪਸ ਸਧਾਰਨ ਤਾਪਮਾਨ 'ਤੇ ਕਰ ਦਿਓ)।

# 5. ਆਮ ਜਾਣਕਾਰੀ

### ਬੌਇਲਰ ਪੰਪ

ਸਿਸਟਮ ਦੀ ਮੰਗ 'ਤੇ ਨਿਰਭਰ ਨਾ ਕਰਦੇ ਹੋਏ, ਹਰ 24 ਘੰਟੇ 'ਚ ਇਕ ਵਾਰ ਸਵੈ-ਜਾਂਚ ਦੇ ਤੌਰ 'ਤੇ ਬੌਇਲਰ ਪੰਪ ਥੋੜ੍ਹੀ ਦੇਰ ਲਈ ਚਲੇਗਾ।

### ਨਿਊਨਤਮ ਅੰਤਰ

ਸਰਵਿਸਿੰਗ ਲਈ ਬੌਇਲਰ ਕਾਸਟਿੰਗ ਦੇ 165 ਮਿ.ਮੀ. ਉੱਪਰ, 100 ਮਿ.ਮੀ. ਥੱਲੇ, ਸਾਇਡਾਂ 'ਤੇ 2.5 ਮਿ.ਮੀ. ਅਤੇ ਸਾਮ੍ਹਣੇ 450 ਮਿ.ਮੀ. ਫ਼ਾਸਲਾ ਹੋਣਾ ਜ਼ਰੂਰੀ ਹੈ।

**ਹੇਠਲਾ ਅੰਤਰ**

ਸਥਾਪਨਾ ਤੋਂ ਬਾਅਦ ਹੇਠਲਾ ਅੰਤਰ ਘੱਟਾ ਕੇ 5 ਮਿ.ਮੀ. ਕੀਤਾ ਜਾ ਸਕਦਾ ਹੈ।

ਸਿਸਟਮ ਪ੍ਰੈਸ਼ਰ ਗੇਜ ਨੂੰ ਵਿਖਾਈ ਦੇਣ ਲਈ ਸਮਰੱਥ ਬਣਾਉਣ ਅਤੇ ਸਰਵਿਸਿੰਗ ਲਈ ਲੋੜੀਂਦਾ 100 ਮਿ.ਮੀ. ਅੰਤਰ ਮੁਹੱਈਆ ਕਰਨ ਲਈ, ਇਹ ਇਕ ਅਰਾਮ ਨਾਲ ਕੱਢੇ ਜਾਣ ਯੋਗ ਪੈਨਲ ਨਾਲ ਪ੍ਰਾਪਤ ਕੀਤਾ ਜਾਣਾ ਚਾਹੀਦਾ ਹੈ।

### ਵਿਸਤਾਰ

ਨੋਟ। ਜੇ ਆਉਣ ਵਾਲੇ ਪਾਣੀ ਦੇ ਮੁੱਖ ਸਰੋਤ 'ਤੇ ਪਾਣੀ ਦਾ ਮੀਟਰ ਫ਼ਿੱਟ ਕੀਤਾ ਜਾਂਦਾ ਹੈ ਤਾਂ ਘਰੇਲੂ ਗਰਮ ਪਾਣੀ ਵਿਸਤਾਰ ਵੈਸਲ ਕਿੱਟ ਦੀ ਲੋੜ ਹੋ ਸਕਦੀ ਹੈ। ਕਿਸੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਜਾਂ IE 'ਚ ਰਜਿਸਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ।

### ਗੈਸ ਦੀ ਨਿਕਾਸੀ

ਗੈਸ ਦੇ ਰਿਸਾਵ ਜਾਂ ਨੁਕਸ ਦਾ ਸ਼ੱਕ ਹੋਣ 'ਤੇ ਦੇਰ ਕੀਤੇ ਬਿਨਾਂ National Gas Emergency Service (ਨੈਸ਼ਨਲ ਗੈਸ ਐਮਰਜੈਂਸੀ ਸਰਵਿਸ) ਨਾਲ ਸੰਪਰਕ ਕਰੋ। **ਟੈਲੀਫ਼ੋਨ 0800 111 999**।

**ਇਹ ਯਕੀਨੀ ਬਣਾਓ ਕਿ;**

**- ਸਭ ਨੰਗੀਆਂ ਲਾਟਾਂ ਬੁਝਾ ਦਿੱਤੀਆਂ ਜਾਂਦੀਆਂ ਹਨ**
**- ਬਿਜਲੀ ਦੇ ਸਵਿੱਚ ਨਾ ਚਲਾਓ**
**- ਸਭ ਖਿੜਕੀਆਂ ਅਤੇ ਦਰਵਾਜ਼ੇ ਖੋਲ੍ਹੋ**

### ਸਫ਼ਾਈ

ਸਧਾਰਨ ਸਫ਼ਾਈ ਲਈ ਸਿਰਫ ਸੁੱਕੇ ਕਪੜੇ ਨਾਲ ਪੂੰਝੋ। ਜ਼ਿੱਦੀ ਨਿਸ਼ਾਨ ਅਤੇ ਦਾਗ ਮਿਟਾਉਣ ਲਈ, ਇਕ ਸਿੱਲ੍ਹੇ ਕਪੜੇ ਨਾਲ ਪੂੰਝੋ ਅਤੇ ਫੇਰ ਸੁੱਕੇ ਕਪੜੇ ਨਾਲ ਪੂੰਝੋ। ***ਘਸਾਉਣ ਵਾਲੀ ਸਫ਼ਾਈ ਸਮੱਗਰੀ ਦੀ ਵਰਤੋਂ ਨਾ ਕਰੋ।***

### ਰੱਖ-ਰਖਾਵ

ਸਾਲ 'ਚ ਘੱਟੋ-ਘੱਟ ਇਕ ਵਾਰ ਕਿਸੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਜਾਂ IE 'ਚ ਰਜਿਸਟਰਡ ਗੈਸ ਇੰਸਟਾਲਰ (RGII) ਦੁਆਰਾ ਉਪਕਰਨ ਦੀ ਸਰਵਿਸ ਕੀਤੀ ਜਾਣੀ ਚਾਹੀਦੀ ਹੈ।

# 6. ਬੋਇਲਰ ਉਪਭੋਗਤਾ ਲਈ ਜ਼ਰੂਰੀ ਗੱਲਾਂ

*ਨੋਟ। ਸਾਡੀ ਮੌਜੂਦਾ ਵਾਰੰਟੀ ਨੀਤੀ ਦੇ ਮੁਤਾਬਕ ਅਸੀ ਇਹ ਕਹਾਂਗੇ ਕਿ ਸਰਵਸਿ ਇੰਜੀਨੀਅਰ ਦੀ ਵਜ਼ਿਟਿ ਲਈ ਬੇਨਤੀ ਕਰਨ ਤੋਂ ਪਹਲਿਾਂ ਤੁਸੀਂ ਬੋਇਲਰ ਦੇ ਬਾਹਰਲੇ ਪਾਸੇ ਕਸਿ ਸਮੱਸਆਿ ਨੂੰ ਪਛਾਣਨ ਲਈ ਹੇਠਾਂ ਦਤਿੀ ਗਈ ਗਾਈਡ ਵੇਖੋ। ਜੇਕਰ ਇਹ ਪਾਇਆ ਜਾਂਦਾ ਹੈ ਕਿ ਉਪਕਰਨ ਤੋਂ ਇਲਾਵਾ ਕੋਈ ਹੋਰ ਸਮੱਸਆਿ ਹੈ ਤਾਂ ਸਾਡੇ ਕੋਲ ਵਜ਼ਿਟਿ, ਜਾਂ ਕਸਿ ਪੂਰਵ-ਨਰਿਧਾਰਤ ਵਜ਼ਿਟਿ ਜਥਿੇ ਇੰਜੀਨੀਅਰ ਨੂੰ ਪਹੁੰਚ ਪ੍ਰਾਪਤ ਨਹੀਂ ਹੁੰਦੀ, ਲਈ ਸ਼ੁਲਕ ਵਸੂਲਣ ਦਾ ਹੱਕ ਰਾਖਵਾਂ ਹੈ।*

**ਸਮੱਸਿਆ ਨਿਵਾਰਣ**

**ਗਰਮ ਪਾਣੀ ਨਹੀਂ**

- ਇਹ ਜਾਂਚੋ ਕਿ ਮੇਨਸ ਪਾਵਰ ਚਾਲੂ ਕੀਤੀ ਗਈ ਹੈ ਅਤੇ ਇਹ ਯਕੀਨੀ ਬਣਾਓ ਕਿ ਮੋਡ ਨੌਬ (C) ਗਰਮੀ ਜਾਂ ਸਰਦੀ ਦੀ ਅਵਸਥਾ 'ਚ ਹੈ
- ਕੀ ਚਾਲੂ ਕਰਨ 'ਤੇ ਗਰਮ ਪਾਣੀ ਦਾ ਨਲਕੇ 'ਚੋਂ ਪਾਣੀ ਆਉਂਦਾ ਹੈ?
  - ਹਾਂ: ਬੋਇਲਰ “ਨੁਕਸ ਕੋਡ” ਖੰਡ ਵੇਖੋ। ਜੇਕਰ *‘00’* ਪ੍ਰਦਰਸ਼ਿਤ ਕੀਤਾ ਜਾਂਦਾ ਹੈ ਤਾਂ ਜੇਕਰ ਤੁਹਾਡਾ ਉਪਕਰਨ ਵਾਰੰਟੀ ਹੇਠ ਹੈ ਤਾਂ Ideal ਗਾਹਕ ਸੇਵਾਵਾਂ ਹੈਲਪਲਾਈਨ ਜਾਂ, ਜੇਕਰ ਉਹ ਵਾਰੰਟੀ ਹੇਠ ਨਹੀਂ ਹੈ, ਤਾਂ ਕਿਸੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਜਾਂ IE 'ਚ ਰਜਿਸਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ।
  - ਨਹੀਂ: ਕਿਸੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਜਾਂ IE 'ਚ ਰਜਿਸਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ






**ਕੋਈ ਸੈਂਟ੍ਰਲ ਹੀਟਿੰਗ ਨਹੀਂ**

- ਇਹ ਜਾਂਚੋ ਕਿ ਮੇਨਸ ਪਾਵਰ ਚਾਲੂ ਹੈ ਅਤੇ ਇਹ ਯਕੀਨੀ ਬਣਾਓ ਕਿ ਮੋਡ ਨੌਬ (C) ਸਰਦੀ ਦੀ ਅਵਸਥਾ 'ਚ ਹੈ
- ਇਹ ਜਾਂਚੋ ਕਿ ਪ੍ਰੋਗਰਾਮਰ (ਬੋਇਲਰ ਦੇ ਅੰਦਰਲੇ ਜਾਂ ਬਾਹਰਲੇ ਹਿੱਸੇ 'ਚ) ''ਚਾਲੂ'' ਅਵਸਥਾ 'ਚ ਹੈ, ਅਤੇ ਰੂਮ ਥਰਮੋਸਟੇਟ ਚਾਲੂ ਹੈ
- ਕੀ ਬੋਇਲਰ ਚੱਲਦਾ ਹੈ ਅਤੇ ਸੈਂਟ੍ਰਲ ਹੀਟਿੰਗ ਮੁਹੱਈਆ ਕਰਦਾ ਹੈ?
  - ਹਾਂ: ਇਹ ਜਾਂਚੋ ਕਿ ਪ੍ਰੋਗਰਾਮਰ 'ਚ ਸਮੇਂ ਦੀ ਸੈਟਿੰਗ ਉੱਝ ਹੈ ਜਿਵੇਂ ਤੁਸੀਂ ਚਾਹੁੰਦੇ ਹੋ ਅਤੇ ਜੇਕਰ ਲੋੜ ਹੋਵੇ ਤਾਂ ਉਸਨੂੰ ਵਿਵਸਥਿਤ ਕਰੋ
  - ਨਹੀਂ: ਬੋਇਲਰ “ਓਪਰੇਸ਼ਨ ਮੋਡ” ਅਤੇ “ਨੁਕਸ ਕੋਡ” ਖੰਡ ਵੇਖੋ। ਜੇਕਰ *‘00’* ਪ੍ਰਦਰਸ਼ਿਤ ਕੀਤਾ ਜਾਂਦਾ ਹੈ ਤਾਂ ਕਿਸੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਜਾਂ IE 'ਚ ਰਜਿਸਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ

**ਕੋਈ ਗਰਮ ਪਾਣੀ ਜਾਂ ਸੈਂਟ੍ਰਲ ਹੀਟਿੰਗ ਨਹੀਂ**

- ਇਹ ਜਾਂਚੋ ਕਿ ਮੇਨਸ ਪਾਵਰ ਚਾਲੂ ਹੈ ਅਤੇ ਇਹ ਯਕੀਨੀ ਬਣਾਓ ਕਿ ਮੋਡ ਨੌਬ (C) ਸਰਦੀ ਦੀ ਅਵਸਥਾ 'ਚ ਹੈ
- ਕੀ ਬੋਇਲਰ 'ਚ ਸਾਹਮਣੀ ਕੰਟ੍ਰੋਲ ਦੇ ਪੈਨਲ 'ਤੇ ਵਿਖਾਇਆ ਜਾਣ ਵਾਲਾ ਡਿਸਪਲੇ ਹੈ?
  - ਹਾਂ: ਬੋਇਲਰ “ਸੰਚਾਲਨ ਮੋਡ” ਅਤੇ “ਨੁਕਸ ਕੋਡ” ਖੰਡ ਵੇਖੋ
  - ਨਹੀਂ: ਕਿਸੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਜਾਂ IE 'ਚ ਰਜਿਸਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ

## 7. ਆਮ ਓਪਰੇਸ਼ਨ ਡਿਸਪਲੇ ਕੋਡ

| ਬੋਇਲਰ 'ਤੇ ਡਿਸਪਲੇ ਕੋਡ | ਵੇਰਵਾ |
|---|---|
|  | ਸੈਂਟ੍ਰਲ ਹੀਟਿੰਗ ਲਈ ਕਾਲ ਜਾਂ ਗਰਮ ਪਾਣੀ ਦੀ ਮੰਗ ਦੀ ਉਡੀਕ ਕਰਦੇ ਹੋਏ ਬੋਇਲਰ ਸਟੈਂਡਬਾਇ ਓਪਰੇਸ਼ਨ 'ਚ ਹੁੰਦਾ ਹੈ। |
|  | ਬੋਇਲਰ ਕੋਲ ਸੈਂਟ੍ਰਲ ਹੀਟਿੰਗ ਲਈ ਕਾਲ ਹੈ ਪਰ ਉਪਕਰਨ ਬੋਇਲਰ 'ਤੇ ਸੈਟ ਕੀਤੇ ਗਏ ਲੋੜੀਂਦੇ ਤਾਪਮਾਨ 'ਤੇ ਪਹੁੰਚ ਗਿਆ ਹੈ। |
|  | ਬੋਇਲਰ ਕੋਲ ਗਰਮ ਪਾਣੀ ਲਈ ਕਾਲ ਹੈ ਪਰ ਉਪਕਰਨ ਬੋਇਲਰ 'ਤੇ ਸੈਟ ਕੀਤੇ ਗਏ ਲੋੜੀਂਦੇ ਤਾਪਮਾਨ 'ਤੇ ਪਹੁੰਚ ਗਿਆ ਹੈ। |
|  | ਬੋਇਲਰ ਸੈਂਟ੍ਰਲ ਹੀਟਿੰਗ ਮੋਡ 'ਚ ਕੰਮ ਕਰ ਰਿਹਾ ਹੈ। |
|  | ਬੋਇਲਰ ਘਰੇਲੂ ਗਰਮ ਪਾਣੀ ਮੋਡ 'ਚ ਕੰਮ ਕਰ ਰਿਹਾ ਹੈ। |
|  | ਬੋਇਲਰ ਘਰੇਲੂ ਗਰਮ ਪਾਣੀ ਪ੍ਰੀਹੀਟ ਮੋਡ 'ਚ ਕੰਮ ਕਰ ਰਿਹਾ ਹੈ। |
|  | ਬੋਇਲਰ ਫ੍ਰੌਸਟ ਸੁਰੱਖਿਆ 'ਚ ਚੱਲ ਰਿਹਾ ਹੈ। |
|  | ਬੋਇਲਰ ਮੋਡ ਨੋਬ (C) ਬੰਦ ਸਥਿਤੀ ਵਿੱਚ ਹੈ, ਗਰਮ ਪਾਣੀ ਅਤੇ ਕੇਂਦਰੀ ਹੀਟਿੰਗ ਸੰਚਾਲਨ ਲਈ ਘੜੀ ਦੀ ਦਿਸ਼ਾ ਵਿੱਚ ਪੂਰਾ ਘੁੰਮਾਓ। |

**ਕਿਸੇ ਵੀ ਪੁੱਛ-ਗਿਛ ਲਈ ਇੱਥੇ ਫ਼ੋਨ ਕਰੋ**

**IDEAL ਉਪਭੋਗਤਾ ਹੈਲਪਲਾਈਨ : 01482 498660**

ਨੋਟ। ਬੋਇਲਰ ਸ਼ੁਰੂ ਕਰਨ ਦੀ ਵਿਧੀ -

ਬੋਇਲਰ ਨੂੰ ਮੁੜ ਸ਼ੁਰੂ ਕਰਨ ਲਈ **RESTART** ਬਟਨ ਦਬਾਉ। ਬੋਇਲਰ ਤਾਪ ਦੀ ਮੰਗ ਮੌਜੂਦ ਹੈ ਤਾਂ ਬੋਇਲਰ ਇਗਨੀਸ਼ਨ ਕ੍ਰਮ ਨੂੰ ਦੁਹਰਾਏਗਾ।

# 8. ਨੁਕਸ ਕੋਡ

| ਬੋਇਲਰ 'ਤੇ ਡਸਿਪਲੇ ਕੋਡ | ਵੇਰਵਾ | ਕਾਰਵਾਈ |
|---|---|---|
| F1 | ਪਾਣੀ ਦਾ ਘੱਟ ਦਬਾ | ਇਹ ਜਾਂਚੋ ਕਿ ਸਿਸਟਮ ਪ੍ਰੈਸ਼ਰ ਗੇਜ 'ਤੇ ਸਿਸਟਮ 'ਚ ਪਾਣੀ ਦਾ ਦਬਾ 1 ਅਤੇ 1.5 ਬਾਰ ਦੇ ਦਰਮਿਆਨ ਹੈ। ਸਿਸਟਮ 'ਚ ਮੁੜ-ਦਬਾ ਪੈਦਾ ਕਰਨ ਲਈ ਖੰਡ 3 ਵੇਖੋ। ਜੇਕਰ ਬੋਇਲਰ ਚੱਲਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਕਿਰਪਾ ਕਰਕੇ Ideal ਨਾਲ (ਜੇਕਰ ਵਾਰੰਟੀ ਹੇਠ ਹੈ) ਜਾਂ ਵਿਕਲਪਕ ਤੌਰ 'ਤੇ ਜੇਕਰ ਵਾਰੰਟੀ ਦੀ ਮਿਆਦ ਖ਼ਤਮ ਹੋ ਚੁੱਕੀ ਹੈ ਤਾਂ ਕਿਸੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਿਸਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| F2 | ਲਾਟ ਗੁਆਉਣਾ | 1. ਇਹ ਪੁਸ਼ਟੀ ਕਰਨ ਲਈ ਕਿ ਸੰਪਤੀ 'ਚ ਸਪਲਾਈ ਮੌਜੂਦ ਹੈ ਜਾਂਚੋ ਕਿ ਘਰ 'ਚ ਦੂਜੇ ਗੈਸ ਉਪਕਰਨ ਕੰਮ ਕਰ ਰਹੇ ਹਨ।<br>2. ਜੇਕਰ ਦੂਜੇ ਉਪਕਰਨ ਕੰਮ ਨਹੀਂ ਕਰਦੇ ਜਾਂ ਕੋਈ ਹੋਰ ਉਪਕਰਨ ਨਹੀਂ ਹਨ, ਤਾਂ ਇਹ ਜਾਂਚੋ ਕਿ ਮੀਟਰ 'ਤੇ ਗੈਸ ਸਪਲਾਈ ਚਾਲੂ ਹੈ ਅਤੇ/ਜਾਂ ਪੂਰਵ ਭੁਗਤਾਨ ਮੀਟਰ 'ਚ ਕ੍ਰੇਡਿਟ ਹੈ। ਜੇਕਰ ਬੋਇਲਰ ਚੱਲਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਕਿਰਪਾ ਕਰਕੇ Ideal (ਜੇਕਰ ਵਾਰੰਟੀ ਹੇਠ ਹੈ) ਨਾਲ ਜਾਂ ਜੇਕਰ ਵਾਰੰਟੀ ਦੀ ਮਿਆਦ ਪੂਰੀ ਹੋ ਚੁੱਕੀ ਹੈ ਤਾਂ ਵਿਕਲਪਕ ਤੌਰ 'ਤੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਿਸਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| F3 | ਪੱਖੇ ਦਾ ਨੁਕਸ | ਉਪਕਰਨ ਨੂੰ ਮੁੜ ਸ਼ੁਰੂ ਕਰੋ - ਜੇਕਰ ਬੋਇਲਰ ਚੱਲਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਕਿਰਪਾ ਕਰਕੇ Ideal (ਜੇਕਰ ਵਾਰੰਟੀ ਹੇਠ ਹੈ) ਨਾਲ ਜਾਂ ਜੇਕਰ ਵਾਰੰਟੀ ਦੀ ਮਿਆਦ ਪੂਰੀ ਹੋ ਚੁੱਕੀ ਹੈ ਤਾਂ ਵਿਕਲਪਕ ਤੌਰ 'ਤੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਿਸਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| F4 L4 | ਫ਼ਲੋ ਥਰਮਿਸਟਰ | ਉਪਕਰਨ ਨੂੰ ਮੁੜ ਸ਼ੁਰੂ ਕਰੋ - ਜੇਕਰ ਬੋਇਲਰ ਚੱਲਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਕਿਰਪਾ ਕਰਕੇ Ideal (ਜੇਕਰ ਵਾਰੰਟੀ ਹੇਠ ਹੈ) ਨਾਲ ਜਾਂ ਜੇਕਰ ਵਾਰੰਟੀ ਦੀ ਮਿਆਦ ਪੂਰੀ ਹੋ ਚੁੱਕੀ ਹੈ ਤਾਂ ਵਿਕਲਪਕ ਤੌਰ 'ਤੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਿਸਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| F5 L5 | ਰਿਟਰਨ ਥਰਮਿਸਟਰ | ਉਪਕਰਨ ਨੂੰ ਮੁੜ ਸ਼ੁਰੂ ਕਰੋ - ਜੇਕਰ ਬੋਇਲਰ ਚੱਲਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਕਿਰਪਾ ਕਰਕੇ Ideal (ਜੇਕਰ ਵਾਰੰਟੀ ਹੇਠ ਹੈ) ਨਾਲ ਜਾਂ ਜੇਕਰ ਵਾਰੰਟੀ ਦੀ ਮਿਆਦ ਪੂਰੀ ਹੋ ਚੁੱਕੀ ਹੈ ਤਾਂ ਵਿਕਲਪਕ ਤੌਰ 'ਤੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਿਸਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| F6 | ਬਾਹਰਲਾ ਸੈਂਸਰ ਅਸਫਲਤਾ | ਉਪਕਰਨ ਨੂੰ ਮੁੜ ਸ਼ੁਰੂ ਕਰੋ - ਜੇਕਰ ਬੋਇਲਰ ਚੱਲਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਕਿਰਪਾ ਕਰਕੇ Ideal (ਜੇਕਰ ਵਾਰੰਟੀ ਹੇਠ ਹੈ) ਨਾਲ ਜਾਂ ਜੇਕਰ ਵਾਰੰਟੀ ਦੀ ਮਿਆਦ ਪੂਰੀ ਹੋ ਚੁੱਕੀ ਹੈ ਤਾਂ ਵਿਕਲਪਕ ਤੌਰ 'ਤੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਿਸਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| F7 | ਘੱਟ ਮੇਨਸ ਵੋਲਟੇਜ | ਕਿਸੇ ਯੋਗ ਜਾਂ ਆਪਣੇ ਬਿਜਲੀ ਪ੍ਰਦਾਤਾ ਨਾਲ ਸੰਪਰਕ ਕਰੋ। |
| F9 L9 | ਕੌਨਫਿਗਰ ਨਾ ਕੀਤਾ ਗਿਆ PCB | ਕੌਨਫਿਗਰ ਨਾ ਕੀਤਾ ਹੋਇਆ ਪ੍ਰਿੰਟਿਡ ਸਰਕਿਟ ਬੋਰਡ (PCB)। ਕਿਰਪਾ ਕਰਕੇ Ideal (ਜੇਕਰ ਵਾਰੰਟੀ ਹੇਠ ਹੈ) ਨਾਲ ਜਾਂ ਜੇਕਰ ਵਾਰੰਟੀ ਦੀ ਮਿਆਦ ਪੂਰੀ ਹੋ ਚੁੱਕੀ ਹੈ ਤਾਂ ਵਿਕਲਪਕ ਤੌਰ 'ਤੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਿਸਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| L1 | ਵਹਾ ਤਾਪਮਾਨ ਓਵਰਹੀਟ ਜਾਂ ਪਾਣੀ ਦਾ ਕੋਈ ਵਹਾ ਨਹੀਂ | ਇਹ ਜਾਂਚੋ ਕਿ ਸਿਸਟਮ ਪ੍ਰੈਸ਼ਰ ਗੇਜ 'ਤੇ ਸਿਸਟਮ 'ਚ ਪਾਣੀ ਦਾ ਦਬਾ 1 ਅਤੇ 1.5 ਬਾਰ ਦੇ ਦਰਮਿਆਨ ਹੈ। ਸਿਸਟਮ 'ਚ ਮੁੜ-ਦਬਾ ਪੈਦਾ ਕਰਨ ਲਈ ਖੰਡ 3 ਵੇਖੋ। ਜੇਕਰ ਬੋਇਲਰ ਚੱਲਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਕਿਰਪਾ ਕਰਕੇ Ideal ਨਾਲ (ਜੇਕਰ ਵਾਰੰਟੀ ਹੇਠ ਹੈ) ਜਾਂ ਵਿਕਲਪਕ ਤੌਰ 'ਤੇ ਜੇਕਰ ਵਾਰੰਟੀ ਦੀ ਮਿਆਦ ਖ਼ਤਮ ਹੋ ਚੁੱਕੀ ਹੈ ਤਾਂ ਕਿਸੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਿਸਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| L2 | ਇਗਨੀਸ਼ਨ ਲੌਕਆਉਟ | 1. ਕਨਡੈਂਨਸੇਟ ਪਾਈਪ ਦੀ ਰੁਕਾਵਟਾਂ ਲਈ ਜਾਂਚ ਕਰੋ (ਖੰਡ 4 ਦੇਖੋ)<br>2. ਇਹ ਪੁਸ਼ਟੀ ਕਰਨ ਲਈ ਕਿ ਸੰਪਤੀ 'ਚ ਸਪਲਾਈ ਮੌਜੂਦ ਹੈ ਜਾਂਚੋ ਕਿ ਘਰ 'ਚ ਦੂਜੇ ਗੈਸ ਉਪਕਰਨ ਕੰਮ ਕਰ ਰਹੇ ਹਨ।<br>3. ਜੇਕਰ ਦੂਜੇ ਉਪਕਰਨ ਕੰਮ ਨਹੀਂ ਕਰਦੇ ਜਾਂ ਕੋਈ ਹੋਰ ਉਪਕਰਨ ਨਹੀਂ ਹਨ, ਤਾਂ ਇਹ ਜਾਂਚੋ ਕਿ ਮੀਟਰ 'ਤੇ ਗੈਸ ਸਪਲਾਈ ਚਾਲੂ ਹੈ ਅਤੇ/ਜਾਂ ਪੂਰਵ ਭੁਗਤਾਨ ਮੀਟਰ 'ਚ ਕ੍ਰੇਡਿਟ ਹੈ। ਜੇਕਰ ਬੋਇਲਰ ਚੱਲਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਕਿਰਪਾ ਕਰਕੇ Ideal (ਜੇਕਰ ਵਾਰੰਟੀ ਹੇਠ ਹੈ) ਨਾਲ ਜਾਂ ਜੇਕਰ ਵਾਰੰਟੀ ਦੀ ਮਿਆਦ ਪੂਰੀ ਹੋ ਚੁੱਕੀ ਹੈ ਤਾਂ ਵਿਕਲਪਕ ਤੌਰ 'ਤੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਿਸਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| L6 | ਗਲਤ ਲਾਟ ਬੰਦ | ਉਪਕਰਨ ਨੂੰ ਮੁੜ ਸ਼ੁਰੂ ਕਰੋ - ਜੇਕਰ ਬੋਇਲਰ ਚੱਲਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਕਿਰਪਾ ਕਰਕੇ Ideal (ਜੇਕਰ ਵਾਰੰਟੀ ਹੇਠ ਹੈ) ਨਾਲ ਜਾਂ ਜੇਕਰ ਵਾਰੰਟੀ ਦੀ ਮਿਆਦ ਪੂਰੀ ਹੋ ਚੁੱਕੀ ਹੈ ਤਾਂ ਵਿਕਲਪਕ ਤੌਰ 'ਤੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਿਸਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| LC | 15 ਮਿੰਟਾਂ 'ਚ 5 ਬੋਇਲਰ ਰੀਸੈਟ | 1. ਬੋਇਲਰ ਨੂੰ ਬਿਜਲੀ ਦੀ ਸਪਲਾਈ ਬੰਦ ਅਤੇ ਚਾਲੂ ਕਰੋ।<br>2. ਜੇਕਰ ਬੋਇਲਰ ਚੱਲਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਕਿਰਪਾ ਕਰਕੇ Ideal (ਜੇਕਰ ਵਾਰੰਟੀ ਹੇਠ ਹੈ) ਨਾਲ ਜਾਂ ਜੇਕਰ ਵਾਰੰਟੀ ਦੀ ਮਿਆਦ ਪੂਰੀ ਹੋ ਚੁੱਕੀ ਹੈ ਤਾਂ ਵਿਕਲਪਕ ਤੌਰ 'ਤੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਿਸਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| FU | ਪ੍ਰਵਾਹ/ਵਾਪਸੀ ਅੰਤਰ > 50°C | ਜੇਕਰ ਬੋਇਲਰ ਚੱਲਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਕਿਰਪਾ ਕਰਕੇ Ideal (ਜੇਕਰ ਵਾਰੰਟੀ ਹੇਠ ਹੈ) ਨਾਲ ਜਾਂ ਜੇਕਰ ਵਾਰੰਟੀ ਦੀ ਮਿਆਦ ਪੂਰੀ ਹੋ ਚੁੱਕੀ ਹੈ ਤਾਂ ਵਿਕਲਪਕ ਤੌਰ 'ਤੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਿਸਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| dU | ਸਰਵਿਸ ਲਈ ਡਾਇਵਰਟਰ ਵਾਲਵ ਮੱਧ ਸਥਿਤੀ ਵਿੱਚ | ਸਾਰੀਆਂ ਨੌਬਾਂ ਨੂੰ ਘੜੀ ਦੀ ਦਿਸ਼ਾ ਵਿੱਚ ਘੁੰਮਾਓ, ਬੋਇਲਰ ਦੀ ਪਾਵਰ ਬੰਦ ਅਤੇ ਚਾਲੂ ਕਰੋ ਅਤੇ ਫੇਰ ਮੁੜ ਸ਼ੁਰੂ ਕਰੋ ਦਬਾਓ |


*Ideal ਉਪਭੋਗਤਾ ਹੈਲਪਲਾਈਨ*
*ਟੈਲੀ.: 01482 498660*
*www.idealboilers.com*



**Ideal Boilers** ਆਪਣੇ ਉਤਪਾਦਾਂ ਦੇ ਡਜ਼ਾਈਨ ਅਤੇ ਪ੍ਰਦਰਸ਼ਨ 'ਚ ਲਗਾਤਾਰ ਸੁਧਾਰ ਦੀ ਨੀਤੀ ਦੀ ਪਾਲਣਾ ਕਰਦਾ ਹੈ। ਇਸਲਈ ਸੂਚਨਾ ਤੋਂ ਬਨਿਾਂ ਨਰਿਧਾਰਨ ਬਦਲਣ ਦਾ ਹੱਕ ਰਾਖਵਾਂ ਹੈ।



**Ideal**, P.O. Box 103, National Ave, Kingston Upon Hull, HU5 4JN.
ਟੈਲੀਫੋਨ 01482 492251 ਫੈਕਸ 01482 448858. ਪੰਜੀਕਰਣ ਸੰਖਿਆ ਲੰਦਨ 322 137.